ਆਰਸੀ
ਵੀਕਲੀ
Publication of CP Media Group

Issue 02 Saturday, August 15 2015 Tel: 905 793 2202 Fax: 905 793 2282 Email: aarsee@punjabipost.ca

# ਅਤਿਵਾਦੀ ਇਲਾਕਿਆਂ ਵਿਚ ਜਾਣਾ ਬਣਾਇਆ ਜਾਵੇਗਾ ਗੈਰਕਾਨੂੰਨੀ- ਸਟੀਫਨ ਹਾਰਪਰ

ਔਟਵਾ, 9 ਅਗਸਤ(ਪੋਸਟ ਬਿਊਰੋ): ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਅੱਜ ਔਟਵਾ ਵਿਖੇ ਬੋਲਦਿਆਂ ਕਿਹਾ ਕਿ ਕੈਨੇਡੀਅਨ ਲੋਕਾਂ ਦਾ ਅਤਿਵਾਦੀ ਸੰਗਠਨਾਂ ਵਾਲੇ ਇਲਾਕਿਆਂ ਵਿਚ ਜਾਣਾ ਗੈਰਕਾਨੂੰਨੀ ਬਣਾਇਆ ਜਾਵੇਗਾ। ਇਹ ਵਾਅਦਾ ਪ੍ਰਧਾਨ ਮੰਤਰੀ ਵਲੋਂ ਔਟਵਾ ਚੋਣ ਮੁਹਿੰਮ ਰੈਲੀ ਵਿਚ ਕੀਤਾ ਗਿਆ। ਉਨ੍ਹਾਂ ਕਿਹਾ ਕਿ ਫੈਡਰਲ ਸਰਕਾਰ ਇਕ ਅਜਿਹੇ ਕਾਨੂੰਨ ਨੂੰ ਮਾਨਤਾ ਦੇਵੇਗੀ ਜਿਸ ਵਿਚ ਕੈਨੇਡਾ ਸਰਕਾਰ ਵਲੋਂ ਅਤਿਵਾਦੀ ਕਰਾਰ ਦਿਤੇ ਗਏ ਇਲਾਕਿਆਂ ਵਿਚ ਕੈਨੇਡੀਅਨ ਲੋਕਾਂ ਦੇ ਜਾਣ ਨੂੰ ਕਾਨੂੰਨਨ ਜੁਰਮ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਇਜਾਜ਼ਤ ਮੁਹੱਈਆ ਕਰਵਾਉਣੀ ਮਨੁੱਖੀ ਅਧਿਕਾਰਾਂ ਬਲੇ ਨਹੀਂ ਆਉਂਦੀ।

ਹਾਰਪਰ ਵਲੋਂ ਕੀਤਾ ਗਿਆ ਇਹ ਵਾਅਦਾ ਬੀਤੇ ਸਾਲ ਸੇਂਟ-ਜੀਨ-ਸੁਰ-ਰਿਚਲਿਊ ਦੇ ਸੰਦਰਭ ਵਿਚ ਆਇਆ ਹੈ ਜਿਸ ਵਿਚ ਆਈਸਿਸ ਵਲੋਂ ਪ੍ਰੋਤਸਾਹਿਤ ਕੈਨੇਡੀਅਨਾਂ ਵਲੋਂ ਫੌਜ ਦੇ ਦੋ ਮੈਂਬਰਾਂ ਨੂੰ ਕਤਲ ਕਰ ਦਿਤਾ ਗਿਆ ਸੀ।




ਇਸੇ ਕੜੀ ਵਿਚ ਮਾਈਕਲ ਜ਼ੀਹਾਫ਼ ਬੀਬੋਅ ਵਲੋਂ ਅਕਤੂਬਰ 22 ਨੂੰ ਪਾਰਲੀਮੈਂਟ ਹਿਲ ਤੇ ਹਮਲਾ ਕਰ ਦਿਤਾ ਗਿਆ ਸੀ ਅਤੇ ਇਸ ਵਾਰਦਾਤ ਦੌਰਾਨ ਨੈਸ਼ਨਲ ਵਾਰ ਮੈਮੋਰੀਅਲ ਦੇ ਬਾਹਰ ਕਾਰਪੋਰਲ ਨੇਥਨ ਸੀਰੀਲੋ ਦੀ ਪਿੱਠ ਵਿਚ ਤਿੰਨ ਗੋਲੀਆਂ ਮਾਰ ਕੇ ਉਸ ਨੂੰ ਹਲਾਕ ਕਰ ਦਿਤਾ ਗਿਆ ਸੀ। ਇਸ ਤੋਂ ਦੋ ਦਿਨ ਪਹਿਲੋਂ ਮਾਂਟਰੀਅਲ ਦੇ ਸਾਊਥ ਈਸਟ ਵਿਚ ਵਾਰੰਟ ਅਫ਼ਸਰ ਪੈਟਰਿਸ ਵਿਨਸੈਂਟ ਉੱਪਰ ਗੱਡੀ ਚੜਾ ਕੇ ਉਸ ਨੂੰ ਹਲਾਕ ਕੀਤਾ ਗਿਆ ਸੀ।

ਟੋਰੀਆਂ ਵਲੋਂ ਇਸ ਚੋਣ ਮਹਿੰਮ ਵਿਚ ਕੈਨੇਡਾ ਦੀ ਸੁਰਖਿਆ ਨੂੰ ਇਕ ਵਡਾ ਮੁੱਦਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਹ ਪ੍ਰਸ਼ਨ ਖੜਾ ਕੀਤਾ ਜਾ ਰਿਹਾ ਹੈ ਕਿ ਤਿੰਨ ਵੱਡੀਆਂ ਪਾਰਟੀਆਂ ਵਿਚੋਂ ਕੈਨੇਡਾ ਨੂੰ ਕੌਣ ਵੱਧ ਸੁਰਖਿਅਤ ਰੱਖ ਸਕਦਾ ਹੈ। ਹਾਰਪਰ ਵਲੋਂ ਸੁਰਖਿਆ ਦੇ ਵਿਸ਼ੇ ਤੇ ਦੂਜੀਆਂ ਦੋਵੇਂ ਪਾਰਟੀਆਂ ਦੇ ਆਗੂਆਂ ਐਨ ਡੀ ਪੀ ਆਗੂ ਟੌਮ ਮਲਕੇਅਰ ਅਤੇ ਲਿਬਰਲ ਪਾਰਟੀ ਆਗੂ ਜਸਟਿਨ ਟਰੂਡੋ ਨੂੰ ਨਰਮ ਦਸਿਆ ਹੈ।

ਇਸ ਦੇ ਉੱਲਟ ਵਿਰੋਧੀ ਆਗੂਆਂ ਵਲੋਂ ਵਿਵਾਦਗ੍ਰਸਤ ਅਤਿਵਾਦੀ ਗਤਿਵਿਧੀਆਂ ਵਿਰੋਧੀ ਬਿਲ ਸੀ-51 ਦੇ ਪ੍ਰਸ਼ਨ ਖੜੇ ਕੀਤੇ ਜਾ ਰਹੇ ਹਨ ਅਤੇ ਇਸ ਮੁਢਲੀ ਚੋਣ ਮੁਹਿੰਮ ਵਿਚ ਇਸ ਵਿਸ਼ੇ ਤੇ ਚਰਚਾ ਛਿੜੀ ਰਹਿਣ ਦੀਆਂ ਕਿਆਸਰਾਈਆਂ ਹਨ।

ਪ੍ਰਧਾਨ ਮੰਤਰੀ ਵਲੋਂ ਕੀਤੇ ਗਏ ਅੱਜ ਦੇ ਐਲਾਨ ਤੇ ਵੀ ਕਾਫੀ ਵਿਵਾਦ ਛਿੜਨ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਡਿਬੇਟ ਦੇ ਪ੍ਰਸ਼ਨਾਂ ਦਾ ਹਿੱਸਾ ਬਣ ਸਕਦਾ ਹੈ।

ਵਰਣਨਯੋਗ ਹੈ ਕਿ ਅਸਟ੍ਰੇਲੀਆਂ ਵਿਚ ਇਸ ਢੰਗ ਦਾ ਕਾਨੂੰਨ ਪਹਿਲਾਂ ਹੀ ਲਾਗੂ ਹੈ। ਇਸ ਤਹਿਤ ਇਰਾਕ ਦੇ ਕਈ ਹਿੱਸਿਆ ਅਤੇ ਸੀਰੀਆ ਦੇ ਕਈ ਇਲਾਕਿਆਂ ਵਿਚ ਜਾਣ ਤੇ ਪਾਬੰਦੀ ਲਾਗੂ ਹੈ। ਅਗਰ ਫਿਰ ਵੀ ਕੋਈ ਇਸ ਇਲਾਕੇ ਵਿਚ ਜਾਂਦਾ ਹੈ ਤਾਂ ਉਸ ਨੂੰ 10 ਸਾਲ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

ਹਾਰਪਰ ਵਲੋਂ ਅੱਜ ਬਾਅਦ ਦੁਪਹਿਰ ਕੈਬੱਕ ਸਿਟੀ ਵਿਚ ਵੀ ਚੋਣ ਰੈਲੀ ਕੀਤੀ ਜਾ ਰਹੀ ਹੈ ਅਤੇ ਉਸ ਤੋਂ ਬਾਅਦ ਉਹ ਟੋਰਾਂਟੋ ਲਈ ਰਵਾਨਾ ਹੋਣਗੇ ਜਿਥੇ ਉਹ ਸੋਮਵਾਰ ਨੂੰ ਇੱਕ ਵਡੀ ਰੈਲੀ ਨੂੰ ਸੰਬੋਧਨ ਕਰਨਗੇ।

RRSP ਲਿਮਟ ਵਿਚ ਵਾਧਾ




ਫੈਡਰਲ ਚੋਣਾਂ 2015




ਕਾਮਾਗਾਟਾਮਾਰੂ ਲਈ ਮੁਆਫ਼ੀ




## ਕੰਜ਼ਰਵੇਟਿਵ ਬਨਾਮ ਲਿਬਰਲ : ਇੰਮੀਗਰੇਸ਼ਨ ਦੀ ਕਹਾਣੀ ਅੰਕੜਿਆਂ ਦੀ ਜ਼ੁਬਾਨੀ




ਜਦੋਂ ਕੈਨੇਡਾ ਵਿਚ ਇੰਮੀਗਰੇਸ਼ਨ ਦੇ ਰਿਕਾਰਡ ਬਾਰੇ ਗੱਲ ਚੱਲਦੀ ਹੈ ਤਾਂ ਮੁੱਖ ਮੁਕਾਬਲਾ ਕੰਜ਼ਰਵੇਟਿਵ ਅਤੇ ਲਿਬਰਲ ਪਾਰਟੀ ਦਰਮਿਆਨ ਵੇਖਿਆ ਜਾਂਦਾ ਹੈ। ਐਨ ਡੀ ਪੀ ਇਸ ਗੱਲ ਵਿੱਚੋਂ ਬਾਹਰ ਹੈ ਕਿਉਂਕਿ ਵੋਟਰਾਂ ਨੇ ਹਾਲੇ ਤੱਕ ਉਸਨੂੰ ਕਦੇ ਰਾਜ ਭਾਗ ਨਹੀਂ ਸੌਂਪਿਆ ਹੈ। ਸੋ ਕਹਿਣ ਦਾ ਭਾਵ ਹੈ ਕਿ ਗੱਲ ਗੱਲਾਂ ਦੀ ਨਹੀਂ ਸਗੋਂ ਅਮਲਾਂ ਦੀ ਹੈ।

ਆਓ ਆਪਾਂ ਝਾਤੀ ਮਾਰਦੇ ਹਾਂ ਕਿ ਕੰਜ਼ਰਵੇਟਿਵ ਅਤੇ ਲਿਬਰਲ ਦਾ ਇੰਮੀਗਰੇਸ਼ਨ ਦੇ ਮਾਮਲੇ ਉੱਤੇ ਰਿਕਾਰਡ ਕੀ ਹਨ?

ਲਿਬਰਲ ਸਰਕਾਰ ਦੇ 1994 ਤੋਂ 2003 ਦੇ ਲੱਗਭੱਗ ਦਸ ਸਾਲਾਂ ਦੇ ਰਾਜਕਾਲ ਦੌਰਾਨ ਔਸਤਨ ਹਰ ਸਾਲ 2 ਲੱਖ 17 ਹਜ਼ਾਰ ਪਰਵਾਸੀ ਕੈਨੇਡਾ ਆਏ ਜਦੋਂ ਕਿ ਕੰਜ਼ਰਵੇਟਿਵ ਸਰਕਾਰ ਦੇ 2006 ਤੋਂ 2015 ਤੱਕ (ਲੱਗਭੱਗ 10 ਸਾਲ) ਰਾਜਕਾਲ ਦੌਰਾਨ ਹਰ ਸਾਲ ਔਸਤਨ 2 ਲੱਖ 57 ਹਜ਼ਾਰ ਪਰਵਾਸੀਆਂ ਨੇ ਕੈਨੇਡਾ ਦੀ ਧਰਤੀ ਉੱਤੇ ਪੈਰ ਰੱਖਿਆ।

ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਟੋਰੀ ਸਰਕਾਰ ਨੇ ਲਿਬਰਲ ਸਰਕਾਰ ਦੇ ਮੁਕਾਬਲੇ ਤਕਰੀਬਨ 20% ਵੱਧ ਭਾਰਤੀਆਂ ਨੂੰ ਇੰਮੀਗਰੇਸ਼ਨ ਪ੍ਰਦਾਨ ਕੀਤੀ ਹੈ। ਇਸਦਾ ਅਰਥ ਹੈ ਕਿ ਟੋਰੀ ਰਾਜ ਦੌਰਾਨ ਭਾਰਤ ਤੋਂ ਹਰ ਸਾਲ 30 ਹਜ਼ਾਰ ਇੰਮੀਗਰਾਂਟ ਆਏ ਜਦੋਂ ਕਿ ਲਿਬਰਲ ਰਾਜ ਦੌਰਾਨ ਇਹ ਗਿਣਤੀ 25 ਹਜ਼ਾਰ ਪ੍ਰਤੀ ਸਾਲ ਰਹੀ। ਇਸਤੋਂ ਪਤਾ ਚੱਲਦਾ ਹੈ ਕਿ ਪਰਵਾਸੀਆਂ ਦੇ ਹਿੱਤ ਪੂਰਨ ਦੀ ਗੱਲ ਕਰਨ ਵਾਲੀ ਲਿਬਰਲ ਅਸਲ ਵਿੱਚ ਲੋਕਾਂ ਨੂੰ ਗੱਲਾਂ ਦਾ ਹੀ ਕੜਾਹ ਖੁਆਉਂਦੀ ਰਹੀ ਹੈ।

ਕੰਜ਼ਰਵੇਟਿਵ ਪਾਰਟੀ ਨੇ ਭਾਰਤ ਵੱਲ ਵਧੇਰੇ ਧਿਆਨ ਇਸ ਲਈ ਦਿੱਤਾ ਕਿਉਂਕਿ ਭਾਰਤ ਤੋਂ ਆਉਣ ਵਾਲੇ ਪਰਵਾਸੀ ਸਿਆਣੇ, ਮਿਹਨਤੀ, ਅੰਗਰੇਜ਼ੀ ਭਾਸ਼ਾ ਦੇ ਮਾਹਰ ਹੁੰਦੇ ਹਨ ਅਤੇ ਉਹਨਾਂ ਨੂੰ ਕੈਨੇਡਾ ਵਿੱਚ ਸਥਾਪਿਤ... *ਬਾਕੀ ਪੰਨਾ 3 'ਤੇ*

## ਐਨ ਡੀ ਪੀ ਵਲੋਂ ਪੰਜਾਬੀ ਭਾਸ਼ਾ 'ਚ ਵੋਟ ਮੰਗਣ ਵਾਲਿਆਂ ਨਾਲ ਵਿਤਕਰਾ

ਵੈਨਕੂਵਰ, 13 ਅਗਸਤ(ਪੋਸਟ ਬਿਊਰੋ): ਐਨ ਡੀ ਪੀ ਵਲੋਂ ਆਪਣੀ ਚੋਣ ਮੁਹਿੰਮ ਵਿਚ ਹਰ ਇੱਕ ਨਾਲ ਬਰਾਬਰਤਾ ਅਤੇ ਘੱਟੋ ਘੱਟ 15 ਡਾਲਰ ਪ੍ਰਤੀ ਘੰਟਾ ਦਾ ਵਾਅਦਾ ਕੀਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਇਸ ਦੇ ਉਲਟ ਪੰਜਾਬੀ ਭਾਸ਼ਾ ਵਿਚ ਫੋਨ ਤੇ ਵੋਟ ਮੰਗਣ ਵਾਲਿਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਅੰਗ੍ਰੇਜ਼ੀ ਦੇ ਮੁਕਾਬਲੇ ਪੰਜਾਬੀ ਭਾਸ਼ਾ ਵਿਚ ਫੋਨ ਕਰਨ ਵਾਲਿਆਂ ਨੂੰ 4 ਡਾਲਰ ਪ੍ਰਤੀ ਘੰਟਾ



ਘੱਟ ਦਿਤੇ ਜਾ ਰਹੇ ਹਨ। ਅੰਗ੍ਰੇਜ਼ੀ ਵਿਚ ਫੋਨ ਤੇ ਵੋਟ ਮੰਗਣ ਵਾਲਿਆਂ ਨੂੰ 17 ਡਾਲਰ ਪ੍ਰਤੀ ਘੰਟਾ ਦੇਣਾ ਨਿਸ਼ਚਿਤ ਕੀਤਾ ਗਿਆ ਹੈ ਜਦਕਿ ਪੰਜਾਬੀ ਭਾਸ਼ਾ ਵਿਚ ਫੋਨ ਕਰ ਕੇ ਵੋਟ ਮੰਗਣ ਵਾਲਿਆਂ ਨੂੰ ਐਨ ਡੀ ਪੀ ਪਾਰਟੀ ਵਲੋਂ 13 ਡਾਲਰ ਪ੍ਰਤੀ ਘੰਟਾ ਦਿਤੇ ਜਾ ਰਹੇ ਹਨ।

ਪਰੋਵਿੰਸ ਦੀ ਇੱਕ ਅਖਬਾਰ ਵਲੋਂ ਇਸ ਮਾਮਲੇ ਦੀ ਛਾਣ ਬੀਣ ਕੀਤੀ ਗਈ ਅਤੇ ਹੁਣ ਇਨ੍ਹਾਂ ਵਰਕਰਾਂ ਨੂੰ ਪਿਛੇ ... *ਬਾਕੀ ਪੰਨਾ 3 'ਤੇ*

## ਜਸਟਿਨ ਟਰੂਡੋ ਵਲੋਂ 2.6 ਬਿਲੀਅਨ ਡਾਲਰ ਮੂਲ ਵਾਸੀਆਂ ਤੇ ਖਰਚਣ ਦਾ ਵਾਅਦਾ

ਸਸਕਾਤੂਨ, 13 ਅਗਸਤ(ਪੋਸਟ ਬਿਊਰੋ): ਲਿਬਰਲ ਪਾਰਟੀ ਆਗੂ ਜਸਟਿਨ ਟਰੂਡੋ ਵਲੋਂ ਹਰ ਆਏ ਦਿਨ ਪਾਰਟੀ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਵੇਂ ਐਲਾਨ ਵਿਚ ਜਸਟਿਨ ਟਰੂਡੋ ਨੇ ਮੂਲ ਵਾਸੀਆਂ (ਅਬਓਰਿਜਨਲ ਪੀਪਲ) ਨਾਲ ਕੈਨੇਡਾ ਦੇ ਨਵੇਂ ਰਿਸ਼ਤੇ ਕਾਇਮ ਕਰਨ ਦੀ ਗੱਲ ਕਹੀ ਹੈ।

ਇਹ ਗੱਲ ਜਸਟਿਨ ਟਰੂਡੋ ਨੇ ਸਸਕਾਤੂਨ ਵਿਚ ਆਪਣੀ ਚੋਣ



ਮੁਹਿੰਮ ਦੌਰਾਨ ਕਹੀ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਆਉਣ ਵਾਲੇ 4 ਸਾਲਾਂ ਵਿਚ 2.6 ਬਿਲੀਅਨ ਡਾਲਰ ਫ੍ਰਸਟ ਨੇਸ਼ਨ ਲੋਕਾਂ ਦੀ ਸਿਖਿਆ ਉੱਤੇ ਖਰਚ ਕਰੇਗੀ।

ਜਸਟਿਨ ਟਰੂਡੋ ਸਸਕਾਤੂਨ ਵੈਸਟ ਵਿਚ ਚੋਣ ਮੁਹਿੰਮ ਤੇ ਪਹੁੰਚੇ ਹੋਏ ਸਨ ਜਿਥੋਂ ਲਿਸਾ ਅਬੌਟ, ਜੋ ਕਿ ਫ੍ਰਸਟ ਨੇਸ਼ਨ ਦੀ ਵਕੀਲ ਵੀ ਹੈ, ਇਸ ਹਲਕੇ ਤੋਂ ਫੈਡਰਲ ਚੋਣ ਲੜਨ ... *ਬਾਕੀ ਪੰਨਾ 3 'ਤੇ*

# ਵਿਵਾਦਗ੍ਰਸਤ ਸੈਕਸ ਸਿਲੇਬਸ ਖਿਲਾਫ਼ ਸੰਘਰਸ਼ ਤੇਜ਼ ਕਰਨ 'ਤੇ ਵਿਚਾਰਾਂ





ਟੋਰਾਂਟੋ, 9 ਅਗਸਤ(ਪੋਸਟ ਬਿਊਰੋ): ਉਂਟੇਰੀਓ ਸਰਕਾਰ ਵਲੋਂ ਮਾਪਿਆਂ ਦੀ ਸਲਾਹ ਤੋਂ ਬਿਨਾਂ ਠੋਸੇ ਜਾ ਰਹੇ ਅਸ਼ਲੀਲ ਸੈਕਸ ਸਲੇਬਸ ਦਾ ਵਿਰੋਧ ਜਾਰੀ ਹੈ ਅਤੇ 9 ਅਗਸਤ ਨੂੰ ਹੋਈ ਮੀਟਿੰਗ ਵਿਚ ਫੈਮਲੀ ਕੁਲੀਸ਼ਨ ਵਲੋਂ ਵਿਵਾਦਗਰਸਤ ਸੈਕਸ ਸਲੇਬਸ ਖਿਲਾਫ਼ ਸੰਘਰਸ਼ ਤੇਜ਼ ਕਰਨ 'ਤੇ ਵਿਚਾਰਾਂ ਕੀਤੀਆਂ ਗਈਆਂ ਜਿਸ ਵਿੱਚ ਵੱਖ ਵੱਖ ਭਾਈਚਾਰਿਆਂ ਦੇ ਨੁਮਾਇੰਦੇ ਸ਼ਾਮਲ ਹੋਏ।

ਕੁਈਨਜ਼ ਪਾਰਕ ਵਿਖੇ ਇੱਕ ਹੋਰ ਰੋਸ ਪ੍ਰਦਰਸ਼ਨ ਕਰਨ, ਐਮਪੀਪੀਜ਼ ਦੇ ਦਫ਼ਤਰਾਂ ਦੇ ਬਾਹਰ ਅਤੇ ਸਕੂਲਾਂ ਸਾਹਮਣੇ ਰੋਟੇਟਿੰਗ ਰੋਸ ਪ੍ਰਦਰਸ਼ਨ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ। ਕੁਝ ਨੁਮਾਇੰਦਿਆਂ ਨੇ ਦੱਸਿਆ ਕਿ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਵਾਸਤੇ ਬਦਲਵੇਂ ਸਕੂਲੀ ਪ੍ਰਬੰਧ ਕਰ ਰਹੇ ਹਨ। ਮਾਪੇ ਆਪਣੇ ਬੱਚਿਆਂ ਦੀ ਸੁਰੱਖਿਆ ਵਾਸਤੇ ਪ੍ਰਾਈਵੇਟ ਸਕੂਲਾਂ ਵੱਲ ਵੀ ਵਹੀਰਾਂ ਘੱਤ ਰਹੇ ਹਨ ਹਾਲਾਂਕਿ ਪ੍ਰਾਈਵੇਟ ਸਕੂਲ ਮਹਿੰਗੇ ਹਨ। ਇਸ ਮੀਟਿੰਗ ਵਿਚ ਸੈਕਸ ਸਲੇਬਸ ਦੇ ਮਾਰੂ ਅਸਰਾਂ ਬਾਰੇ 18 ਅਗਸਤ ਨੂੰ ਰੈੱਡ ਰੋਜ਼ ਕਨਵੈਨਸ਼ਨ ਸੈਂਟਰ ਵਿੱਚ ਅਯੋਜਿਤ ਕੀਤੇ ਜਾ ਰਹੇ ਡਾ: ਮਰੀਅਮ ਗਰੋਸਮੈਨ ਦੇ ਲੈਕਚਰ ਨੂੰ ਕਾਮਯਾਬ ਕਰਨ 'ਤੇ ਵੀ ਵਿਚਾਰਾਂ ਕੀਤੀਆਂ ਗਈਆਂ।

ਫੈਮਲੀ ਕੁਲੀਸ਼ਨ ਦੀ ਮੀਟਿੰਗ ਪਿੱਛੋਂ ਮੁਸਲਿਮ ਭਾਈਚਾਰੇ ਵਲੋਂ ਬਦਲਵੇਂ ਸਕੂਲੀ ਪ੍ਰਬੰਧ ਬਾਰੇ ਮਾਪਿਆਂ ਦਾ ਇੱਕ ਇਕੱਠ ਕੀਤਾ ਗਿਆ ਜਿਸ ਨੂੰ 'ਹੋਵਾ' ਵਲੋਂ ਜੋਤਵਿੰਦਰ ਸੋਢੀ ਨੇ ਵੀ ਸੰਬੋਧਨ ਕੀਤਾ। ਸ੍ਰੀ ਸੋਢੀ ਨੇ ਮੁਸਲਿਮ ਮਾਪਿਆਂ ਨੂੰ ਮਾਹਰ ਡਾ: ਮਰੀਅਮ ਗਰੋਸਮੈਨ ਦਾ ਸੈਕਸ ਸਲੇਬਸ ਬਾਰੇ ਲੈਕਚਰ ਸੁਣਨ ਆਉਣ ਦਾ ਸੱਦਾ ਦਿੱਤਾ। ਸ੍ਰੀ ਸੋਢੀ ਨੇ ਕਿਹਾ ਕਿ ਪ੍ਰੀਮੀਅਰ ਨੇ ਮਾਪਿਆਂ ਦੇ 'ਆਪਟ-ਆਊਟ' ਹੱਕ ਬਾਰੇ ਅਜੇ ਤੱਕ ਸਪਸ਼ਟ ਨਹੀਂ ਕੀਤਾ ਜਦਕਿ ਸਕੂਲ ਸਾਲ ਹੁਣ ਸ਼ੁਰੂ ਹੋਣ ਵਾਲਾ ਹੈ ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਦੀ ਨੀਅਤ ਸਾਫ਼ ਨਹੀਂ ਹੈ। 9 ਅਗਸਤ ਦਿਨ ਐਤਵਾਰ ਬਾਅਦ ਦੁਪਿਹਰ ਬਰੈਂਪਟਨ ਵਿੱਚ ਹੋਏ ਸੀਨੀਅਰਜ਼ ਦੇ ਇਕ ਇਕੱਠ ਵਿੱਚ ਵੀ ਸੈਕਸ ਸਲੇਬਸ ਦੇ ਵਿਵਾਦਗ੍ਰਸਤ ਹਿੱਸੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਸ੍ਰੀ ਜੋਤਵਿੰਦਰ ਸੋਢੀ ਨੇ ਸੀਨੀਅਰਜ਼ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਰੈਡੀਕਲ ਸੈਕਸ ਸਲੇਬਸ ਲੋਕਾਂ ਵਿੱਚ ਜਾਗਰਤੀ ਪੈਦਾ ਕਰਨ ਵਾਸਤੇ ਸੀਨੀਅਰਜ਼ ਦਾ ਵੱਡਾ ਯੋਗਦਾਨ ਹੈ। ਇਸ ਮੌਕੇ ਬੋਲਦਿਆਂ ਸਿਟੀ ਕੌਂਸਲਰ ਗੁਰਪ੍ਰੀਤ ਢਿੱਲੋਂ ਨੇ ਕਿਹਾ ਕਿ ਸੈਕਸ ਸਲੇਬਸ ਦੇ ਮੁੱਦੇ 'ਤੇ ਸਰਕਾਰ ਨੂੰ ਮਾਪਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਮੁੜ ਸਰਕਾਰ ਬਣਾਉਣ ਤੇ ਪਹਿਲੀ ਵਾਰ ਘਰ ਲੈਣ ਵਾਲਿਆਂ ਲਈ RRSP ਲਿਮਟ ਵਿਚ ਕਰਾਂਗੇ ਵਾਧਾ -ਹਾਰਪਰ



ਵੈਨਕੂਵਰ, 9 ਅਗਸਤ(ਪੋਸਟ ਬਿਊਰੋ): ਸਟੀਫਨ ਹਾਰਪਰ ਨੇ ਆਪਣੀ ਚੋਣ ਮੁਹਿੰਮ ਦੌਰਾਨ ਅੱਜ ਵੈਨਕੂਵਰ ਵਿਚ ਇੱਕ ਹੋਰ ਵੱਡਾ ਐਲਾਨ ਕੀਤਾ ਹੈ। ਇਸ ਐਲਾਨ ਵਿਚ ਸਟੀਫਨ ਹਾਰਪਰ ਨੇ ਇਹ ਵਾਅਦਾ ਕੀਤਾ ਹੈ ਕਿ ਅਗਰ ਕੰਸਰਵੇਟਿਵ ਸਰਕਾਰ ਮੁੜ ਤੋਂ ਸੱਤਾ ਵਿਚ ਆਉਂਦੀ ਹੈ ਤਾਂ ਉਹ ਪਹਿਲੀ ਵਾਰ ਘਰ ਲੈਣ ਵਾਲਿਆਂ ਲਈ (First Time Home Buyers HBP) ਆਰ ਆਰ ਐਸ ਪੀ (RRSP) ਕਢਾਉਣ ਦੀ ਲਿਮਟ ਨੂੰ 25,000 ਤੋਂ ਵਧਾ ਕੇ 35,000 ਡਾਲਰ ਕਰ ਦਿਤਾ ਜਾਵੇਗਾ।

ਮੌਜੂਦਾ HBP ਕਾਨੂੰਨ ਮੁਤਾਬਕ ਤੁਸੀਂ 25,000 ਡਾਲਰ ਤੱਕ ਦੀ RRSP ਬਗੈਰ ਕਿਸੇ ਜੁਰਮਾਨੇ ਦੇ ਕਢਵਾ ਸਕਦੇ ਹੋ ਬੇਸ਼ਰਤੇ ਕਿ ਤੁਸੀਂ ਇਹ ਪੈਸਾ ਘਰ ਲੈਣ ਲਈ ਕਢਵਾਇਆ ਹੋਵੇ। ਇਸ ਸਕੀਮ ਅਧੀਨ ਕਢਵਾਏ ਗਏ ਡਾਲਰਾਂ ਨੂੰ 15 ਸਾਲਾਂ ਵਿਚ ਬਨਦੀਆਂ ਕਿਸ਼ਤਾਂ ਮੁਤਾਬਕ ਮੁੜ RRSP ਵਿਚ ਪਾਉਣਾ ਹੁੰਦਾ ਹੈ।

ਕੈਨੇਡਾ ਵਿਚ ਪਹਿਲੀ ਵਾਰ ਘਰ ਲੈਣ ਵਾਲਿਆਂ ਲਈ ਇਹ ਇੱਕ ਬਹੁਤ ਹੀ ਵਡੀ ਰਿਆਇਤ ਹੁੰਦੀ ਹੈ। ਪਹਿਲਾਂ ਤਾਂ ਤੁਸੀਂ 35,000 ਡਾਲਰ ਤੇ ਟੈਕਸ ਬਚਾਉਂਦੇ ਹੋ ਅਤੇ ਦੂਜਾ ਤੁਸੀਂ ਇਹ ਰਕਮ 90 ਦਿਨਾਂ ਬਾਅਦ ਕਢਵਾ ਕੇ ਨਵੇਂ ਘਰ ਦੀ ਡਾਊਨ ਪੇਅਮੈਂਟ ਲਈ ਵਰਤ ਸਕਦੇ ਹੋ।

ਹਾਰਪਰ ਨੇ ਕਿਹਾ ਕਿ ਕੈਨੇਡੀਅਨ ਲੋਕਾਂ ਲਈ ਘਰ ਇਕ ਅਹਿਮ ਚੀਜ਼ ਹੈ ਅਤੇ ਇਸ ਵਿਚ ਨਿਵੇਸ਼ ਕੈਨੇਡੀਅਨ ਲੋਕਾਂ ਲਈ ਇਕ ਸੁਰਖਿਅਤ ਨਿਵੇਸ਼ ਮੰਨਿਆ ਜਾਂਦਾ ਹੈ।

ਅੰਕੜਿਆਂ ਮੁਤਾਬਕ 1992 ਤੋਂ ਚਾਲੂ ਹੋਈ ਇਸ ਸਕੀਮ ਅਧੀਨ ਹੁਣ ਤੱਕ 2.8 ਮਿਲੀਅਨ ਲੋਕਾਂ ਵਲੋਂ ਇਸ ਯੋਜਨਾ ਦਾ ਫਾਇਦਾ ਚੁੱਕਿਆ ਗਿਆ ਹੈ। ਹਾਰਪਰ ਨੇ ਦਸਿਆ ਕਿ ਇਸ ਸਕੀਮ ਨਾਲ ਸਾਲ 2017-18 ਸਾਲ ਵਿਚ ਸਰਕਾਰ ਨੂੰ 30 ਮਿਲੀਅਨ ਡਾਲਰ ਦੀ ਟੈਕਸ ਉਗਰਾਹੀ ਦਾ ਨੁਕਸਾਨ ਹੋਵੇਗਾ।

ਹਾਰਪਰ ਨੇ ਇਹ ਵੀ ਵਾਅਦਾ ਕੀਤਾ ਕਿ ਉਹ ਟੋਰਾਂਟੋ ਅਤੇ ਵੈਨਕੂਵਰ ਵਿਚ ਘਰਾਂ ਦੀਆਂ ਵੱਧ ਰਹੀਆਂ ਕੀਮਤਾਂ ਤੇ ਵੀ ਨਜ਼ਰ ਰੱਖਣਗੇ ਅਤੇ ਇਹ ਪਤਾ ਲਗਾਇਆ ਜਾਵੇਗਾ ਕਿ ਹੋਰ ਮੁਲਕਾਂ ਤੋਂ ਆ ਰਹੀ ਧਨ ਰਾਸ਼ੀ ਕਾਰਣ ਇਸ ਤੇ ਕਿੰਨਾਂ ਪ੍ਰਭਾਵ ਪੈ ਰਿਹਾ ਹੈ।

ਕੰਸਰਵੇਟਿਵ ਪਾਰਟੀ ਨੇ ਆਪਣੀ ਵੈਬਸਾਈਟ ਉੱਪਰ ਇਹ ਲਿਖਿਆ ਗਿਆ ਹੈ ਕਿ ਇਸ ਬਾਰੇ ਪੂਰਾ ਪਤਾ ਲਗਾਉਣ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਵੈਨਕੂਵਰ ਵਿਚ ਸਾਲ ਭਰ ਅੰਦਰ ਕਰੀਬ 15 ਫੀਸਦੀ ਕੌਂਡੋਮੀਨੀਅਮ ਖਾਲੀ ਰਹਿੰਦੇ ਹਨ ਅਤੇ ਕਈਆਂ ਵਲੋਂ ਇਨ੍ਹਾਂ ਪ੍ਰਾਪਰਟੀਆਂ ਨੂੰ ਇਸ ਕਾਰਣ ਖਰੀਦ ਕੇ ਰਖਿਆ ਹੁੰਦਾ ਹੈ ਕਿ ਜਦੋਂ ਕੀਮਤਾਂ ਵਧਣ ਤਾਂ ਉਹ ਮੁਨਾਫਾ ਬਣਾ ਸਕਣ।

ਕਿਆਸ ਇਹ ਵੀ ਲਗਾਏ ਜਾਂਦੇ ਹਨ ਕਿ ਕਈ ਪੂੰਜੀਪਤੀਆਂ ਵਲੋਂ ਘਰਾਂ ਦੀਆਂ ਕੀਮਤਾਂ ਨੂੰ ਉੱਪਰ ਲੈ ਕੇ ਜਾਇਆ ਜਾ ਰਿਹਾ ਹੈ ਅਤੇ ਇਸ ਕਾਰਣ ਕੈਨੇਡਾ ਦੀ ਹਾਊਸਿੰਗ ਮਾਰਕਿਟ ਵਿਚ ਹੋਰ ਤੇਜ਼ੀ ਆ ਰਹੀ ਹੈ।

# ਸੀਨੀਅਰਾਂ ਦੀ ਸੱਚੀ ਸਹਾਇਕ, ਲਿਬਰਲ ਪਾਰਟੀ



ਮੇਰੇ ਅਤੇ ਮੇਰੇ ਦਫਤਰ ਦੇ ਧੰਨ ਭਾਗ ਕਿ 100 ਤੋਂ ਵੀ ਵੱਧ ਸੀਨੀਅਰ ਅਤੇ 20 ਸੀਨੀਅਰ ਕਲੱਬਾਂ ਦੇ ਮੈਂਬਰ ਮੇਰੇ ਦਫਤਰ ਵਿਚ ਤਸ਼ਰੀਫ ਲੈ ਕੇ ਆਏ। ਉਨ੍ਹਾਂ ਸਾਰਿਆਂ ਨੇ ਇੱਕ ਆਵਾਜ਼ ਹੋ ਕੇ ਸੀਨੀਅਰਾਂ ਵਾਰੇ ਲਿਬਰਲ ਪਾਰਟੀ ਪਲੈਨ ਨੂੰ ਆਪਣਾ ਭਰਪੂਰ ਸਮਰਥਨ ਦੇਣ ਦਾ ਐਲਾਨ ਕੀਤਾ।

ਅਸੀਂ ਸਾਰੇ ਲਿਬਰਲ ਚਾਹੁੰਦੇ ਹਾਂ ਕਿ ਹਰ ਕੈਨੇਡੀਅਨ ਪੂਰੇ ਮਾਣ-ਤਾਣ ਨਾਲ ਰੀਟਾਇਰ ਹੋ ਕੇ ਬਾਕੀ ਦਾ ਸਾਰਾ ਜੀਵਨ ਪੂਰੀ ਸ਼ਾਨ ਤੇ ਸ਼ੋਭਾ ਨਾਲ਼ ਬਤੀਤ ਕਰੇ। ਪਰ ਅਸੀਂ ਦੇਖਦੇ ਹਾਂ ਕਿ ਅੱਜ ਬਹੁਤੇ ਸੀਨੀਅਰਾਂ ਨੂੰ ਰੀਟਾਇਰਮੈਂਟ ਇਨਕਮ ਸੰਕਟ ਨਾਲ਼ ਸੰਘਰਸ਼ ਕਰਨਾ ਪੈਂਦਾ ਹੈ। ਜੇ ਇਸ ਸਮੱਸਿਆ ਦਾ ਢੁਕਵਾਂ ਹੱਲ ਅਸੀਂ ਹੁਣ ਨਹੀਂ ਲੱਭਾਂਗੇ ਤਾਂ ਕੱਲ੍ਹ ਨੂੰ ਕੈਨੇਡੀਅਨਾਂ ਨੂੰ ਇਸਦਾ ਭਾਰੀ ਮੁੱਲ ਚੁਕਾਉਣਾ ਪਏਗਾ।

ਲਿਬਰਲ ਸਰਕਾਰ ਓਲਡ ਏਜ ਸਕਿਓਰਿਟੀ (ਓ ਏ ਐਸ) ਅਤੇ ਗਰੰਟੀਡ ਇਨਕਮ ਸਪਲੀਮੈਂਟ ਚਾਲੂ ਕਰਨ ਲਈ ਪਹਿਲੋਂ ਵਾਲ਼ੀ 65 ਸਾਲ ਦੀ ਉਮਰ ਨੂੰ ਹੀ ਢੁਕਵੀਂ ਉਮਰ ਸਮਝਦੀ ਹੈ ਅਤੇ ਉਸਨੂੰ ਹੀ ਵਾਪਿਸ ਲਿਆਵੇਗੀ। ਇਸ ਦੇ ਨਾਲ਼-ਨਾਲ਼ ਪ੍ਰੋਵਿੰਸਿਜ਼ ਅਤੇ ਟੈਰੀਟਰੀਜ਼ ਨਾਲ ਮਿਲਕੇ ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਨੂੰ ਵਧਾਉਣ ਦੇ ਯਤਨ ਕਰੇਗੀ। ਉਦੇਸ਼ ਇੱਕੋ ਹੀ ਹੈ ਕਿ ਰੀਟਾਇਰਮੈਂਟ ਪਿੱਛੋਂ ਸਾਰੇ ਕੈਨੇਡੀਅਨਾਂ ਦਾ ਜੀਵਨ ਸੁਰੱਖਿਅਤ ਅਤੇ ਖੁਸ਼ੀਆਂ ਤੇ ਖੇੜਿਆਂ ਨਾਲ ਭਰਪੂਰ ਹੋਵੇ।

ਬਹੁਤ ਸਾਰੇ ਕੈਨੇਡੀਅਨਾਂ ਲਈ ਸੀ ਪੀ ਪੀ ਚੰਦਾ ਦੇਣਾ ਜ਼ਰੂਰੀ ਹੈ, ਜੋ ਧਨ ਜੋੜਨ ਲਈ ਇੱਕ ਲੰਮੇ ਸਮੇਂ ਦਾ ਯੋਗਦਾਨ ਹੁੰਦਾ ਹੈ। ਜਿਸ ਨਾਲ ਰੀਟਾਇਰਮੈਂਟ ਪਿੱਛੋਂ ਖਰਚੇ ਪੱਖੋਂ ਜੀਵਨ ਸੁਰੱਖਿਅਤ ਹੋ ਜਾਂਦਾ ਹੈ। ਸਟੀਫਨ ਹਾਰਪਰ ਦੇ ਕਨਜ਼ਰਵੇਟਿਵਾਂ ਨੇ ਇਸ ਵਚਨਬੱਧਤਾ ਨੂੰ ਕਮਜ਼ੋਰ ਕਰ ਕੇ ਕੈਨੇਡੀਅਨ ਸੀਨੀਅਰਾਂ ਨੂੰ ਮੁਢਲੀ ਰੀਟਾਇਰਮੈਂਟ ਸਕਿਓਰਿਟੀ ਤੱਕ ਸੀਮਤ ਕਰ ਦਿੱਤਾ ਹੈ। ਉਨ੍ਹਾਂ ਨੇ ਪਹਿਲੋਂ ਦੇ ਧਨ ਜੋੜਨ ਦੇ ਪਰਬੰਧਾਂ, ਜਿਵੇਂ ਕਿ 'ਇਨਕਮ ਟਰਸਟਾਂ' ਆਦਿ ਦਾ ਭੋਗ ਪਾ ਦਿੱਤਾ ਹੈ ਜਿਸ ਨਾਲ਼ ਦੋ ਮਿਲੀਅਨ ਕੈਨੇਡੀਅਨਾਂ ਦੇ ਪਹਿਲੋਂ ਤੋਂ ਸੇਵਿੰਗ ਖਾਤਿਆਂ ਵਿਚਲੇ 25 ਬਿਲੀਅਨ ਡਾਲਰਾਂ ਦੀ ਰਕਮ ਖੂਹ ਖਾਤੇ ਵਿੱਚ ਚਲੀ ਗਈ ਹੈ। ਟੋਰੀਆਂ ਨੇ ਓਲਡ ਏਜ ਸਕਿਓਰਿਟੀ ਅਤੇ ਗਰੰਟੀਸ਼ੁਦਾ ਸਪਲੀਮੈਂਟ ਪ੍ਰਾਪਤ ਕਰਨ ਦੀ ਉਮਰ ਵਿੱਚ ਦੋ ਸਾਲਾਂ ਦਾ ਵਾਧਾ ਕਰਕੇ ਹੁਣ 65 ਸਾਲਾਂ ਦੀ ਥਾਂ 67 ਸਾਲ ਕਰ ਦਿੱਤੀ ਹੈ। ਜਿਸ ਨਾਲ ਘੱਟ ਆਮਦਨ ਅਤੇ ਲੋੜਵੰਦ ਸੀਨੀਅਰਾਂ ਦੀ ਆਮਦਨ ਵਿੱਚ ਲੱਗਭੱਗ 30, 000 ਡਾਲਰਾਂ ਦਾ ਘਾਟਾ ਪੈ ਜਾਇਗਾ।

ਲਿਬਰਲਾਂ ਦੇ ਨਾਲ਼ ਬੜਾ ਲੰਮਾ ਇਤਿਹਾਸ ਖੜ੍ਹਾ ਹੈ ਕਿ ਇਨ੍ਹਾਂ ਨੇ ਕੈਨੇਡੀਅਨ ਸੀਨੀਅਰਾਂ ਲਈ ਪੈਨਸ਼ਨ ਨੂੰ ਉਸਾਰਨ, ਵਧਾਉਣ ਅਤੇ ਫੈਲਾਉਣ ਦਾ ਸਦਾ ਹੀ ਕਾਰਗਰ ਯਤਨ ਕੀਤਾ ਹੈ। ਅਸੀਂ ਸਮਝਦੇ ਹਾਂ ਕਿ ਸਾਰੇ ਹੀ ਕੈਨੇਡੀਅਨਾਂ ਲਈ ਇਕਰਾਰੀ ਤੇ ਇੱਕ ਸਾਰੀ ਓਲਡ ਏਜ ਸਕਿਓਰਿਟੀ ਤੋਂ ਲੈ ਕੇ ਸੀ ਪੀ ਪੀ ਅਤੇ ਸਪਲੀਮੈਂਟ ਤੱਕ ਪੈਨਸ਼ਨ ਸੁਰੱਖਿਅਤਾ ਨੂੰ ਬਚਾਈ ਰੱਖਣਾ ਤੇ ਬਣਾਈ ਰੱਖਣਾ ਬਹੁਤ ਹੀ ਜ਼ਰੂਰੀ ਹੈ। ਭਰੋਸਾ ਰੱਖੋ, ਅਸੀਂ ਹਰ ਸੀਨੀਅਰ ਲਈ, ਉਨ੍ਹਾਂ ਲਈ ਵੀ ਜੋ ਕਿਸੇ ਕਾਰਨ ਆਪਣੇ ਰੀਟਾਇਰਮੈਂਟ ਜੀਵਨ ਲਈ ਲੋੜੀਂਦੇ ਧਨ ਦੀ ਬੱਚਤ ਨਹੀਂ ਕਰ ਸਕਦੇ, ਮਾਣਮੱਤੇ ਜੀਵਨ ਲਈ ਸਦਾ ਸੰਘਰਸ਼ ਕਰਦੇ ਰਹਾਂਗੇ।

*-ਰਾਜ ਗਰੇਵਾਲ, ਲਿਬਰਲ ਕੈਂਡੀਡੇਟ, ਬਰੈਂਪਟਨ ਈਸਟ*

# ਵੈਨਕੂਵਰ ਪੁਲੀਸ ਵਲੋਂ ਮੈਰੋਵਾਨਾ ਦੀ ਦੁਕਾਨ ਤੇ ਛਾਪਾ

* ਅਪਰਾਧਿਕ ਗਤੀਵਿਧੀਆਂ ਲਈ ਕੀਤਾ ਜਾ ਰਿਹਾ ਸੀ ਇਸਤੇਮਾਲ

ਵੈਨਕੂਵਰ, 13 ਅਗਸਤ(ਪੋਸਟ ਬਿਊਰੋ): ਵੈਨਕੂਵਰ ਈਸਟ ਵਿਚ ਵਿਚ ਬੁੱਧਵਾਰ ਦੀ ਰਾਤ ਨੂੰ ਇੱਕ ਮੈਰੋਵਾਨਾ ਭੰਗ ਦੀ ਦੁਕਾਨ ਤੇ ਪੁਲੀਸ ਵਲੋਂ ਛਾਪਾ ਮਾਰਿਆ ਗਿਆ। ਪੁਲੀਸ ਨੂੰ ਵਿਸ਼ਵਾਸਯੋਗ ਸੂਤਰਾਂ ਤੋਂ ਖ਼ਬਰ ਮਿਲੀ ਸੀ ਕਿ ਇਸ ਭੰਗ ਦੀ ਦੁਕਾਨ ਦਾ ਕਈ ਅਪਰਾਧਿਕ ਗਤੀਵਿਧੀਆਂ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ।




ਵੈਨਕੂਵਰ ਪੁਲੀਸ ਡਿਪਾਰਟਮੈਂਟ ਨੇ ਦਸਿਆ ਕਿ ਡਰੱਗ ਯੂਨਿਟ ਵਲੋਂ ਲਾਈਮਲਾਈਫ ਸੁਸਾਇਟੀ ਦੀ ਤਲਾਸ਼ੀ ਲਈ ਗਈ। ਇਸ ਤੋਂ ਪਹਿਲਾਂ ਕਈ ਹਫਤਿਆਂ ਤੋਂ ਇਸ ਬਾਰੇ ਪੜਤਾਲ ਕੀਤੀ ਜਾ ਰਹੀ ਸੀ। ਪੁਲੀਸ ਵਲੋਂ ਮੌਕੇ ਤੋਂ ਇਕ ਮੁਲਾਜ਼ਮ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਪਰ ਬਾਅਦ ਵਿਚ ਇਸ ਨੂੰ ਛੱਡ ਦਿਤਾ ਗਿਆ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੁਲੀਸ ਦੇ ਹੱਥ ਕੁੱਝ ਅਹਿਮ ਸਬੂਤ ਲੱਗੇ ਹਨ।

ਇਹ 11ਵਾਂ ਮੌਕਾ ਹੈ ਜਦੋਂ ਸ਼ਹਿਰ ਵਿਚ ਪੁਲੀਸ ਵਲੋਂ ਭੰਗ ਦੀ ਦੁਕਾਨ ਤੇ ਛਾਪੇਮਾਰੀ ਕੀਤੀ ਹੋਵੇ। ਪੁਲੀਸ ਨੇ ਦਸਿਆ ਕਿ ਉਨ੍ਹਾਂ ਦੀ ਪਹਿਲ ਨੌਜਵਾਨਾਂ ਦੀ ਸੁਰਖਿਆ ਹੈ ਅਤੇ ਲੋੜ ਪੈਣ ਤੇ ਪੁਲੀਸ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਦੀ ਰਹੇਗੀ।

ਇਸ ਸਟੋਰ ਤੇ ਕਈ ਤਰ੍ਹਾਂ ਦੇ ਇਲਜ਼ਾਮ ਲਗਾਏ ਜਾਂਦੇ ਰਹੇ ਹਨ ਅਤੇ ਇਨ੍ਹਾਂ ਵਲੋਂ 24 ਘੰਟੇ ਖੁਲਣ ਦੇ ਇਸ਼ਤਿਹਾਰ ਵੀ ਲਗਾਏ ਗਏ ਹਨ। ਜ਼ਿਕਰਯੋਗ ਹੈ ਕਿ ਵੈਨਕੂਵਰ ਵਿਚ 90 ਇਸ ਤਰ੍ਹਾਂ ਦੀਆਂ ਭੰਗ ਦੀਆਂ ਡਿਸਪੈਂਸਰੀਆਂ ਹਨ।

## ਕੰਜ਼ਰਵੇਟਿਵ ਬਨਾਮ ਲਿਬਰਲ : ਇੰਮੀਗਰੇਸ਼ਨ ਦੀ ...

... ਪੰਨਾ 1 ਦਾ ਬਾਕੀ

ਹੋਣ ਵਿੱਚ ਬਹੁਤ ਮੁਸ਼ਕਲ ਨਹੀਂ ਆਉਂਦੀ। ਭਾਰਤੀ ਮੂਲ ਦੇ ਲੋਕ ਵੈਸੇ ਵੀ ਕੈਨੇਡਾ ਦੀ ਤਰੱਕੀ ਵਿੱਚ ਵੱਧ ਚੜ ਕੇ ਹਿੱਸਾ ਪਾਉਂਦੇ ਹਨ।

ਵਿਜ਼ਟਰ ਵੀਜ਼ਾ: ਲਿਬਰਲ ਸਰਕਾਰ ਦੇ ਜ਼ਮਾਨੇ ਦਾ ਹਾਲ ਪਾਠਕਾਂ ਨੂੰ ਚੇਤੇ ਹੋਵੇਗਾ ਕਿ ਕਿਵੇਂ ਸਾਡੇ ਲੋਕ ਐਮ ਪੀਆਂ ਦੇ ਦਫਤਰਾਂ ਵਿੱਚ ਰਿਸ਼ਤੇਦਾਰਾਂ ਨੂੰ ਵਿਜ਼ਟਰ ਵੀਜ਼ਾ ਲਈ ਬੇਨਤੀ ਕਰਨ ਵਾਸਤੇ ਲੇਲੜੀਆਂ ਕੱਢਦੇ ਰਹਿੰਦੇ ਸਨ। ਅਸਲ ਵਿੱਚ ਲਿਬਰਲ ਐਮ ਪੀਆਂ ਨੇ ਇਸ ਮਾਮਲੇ ਨੂੰ ਪਰਵਾਸੀ ਵੋਟਰਾਂ ਉੱਤੇ ਗਲਬਾ ਕਾਇਮ ਰੱਖਣ ਦਾ ਇੱਕ ਹਥਿਆਰ ਬਣਾ ਰੱਖਿਆ ਸੀ ਹਾਲਾਂਕਿ ਅਮਲੀ ਰੂਪ ਵਿੱਚ ਉਹਨਾਂ ਕਦੇ ਕੋਈ ਬਹੁਤੀ ਮਦਦ ਨਹੀਂ ਕੀਤੀ। ਇਸਦੇ ਉਲਟ ਕੰਜ਼ਰਵੇਟਿਵ ਪਾਰਟੀ ਨੇ ਕਹਾਣੀ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ ਹੈ। ਟੋਰੀ ਸਰਕਾਰ 2006 ਤੋਂ ਲੈ ਕੇ ਹੁਣ ਤੱਕ ਭਾਰਤ ਤੋਂ ਆਉਣ ਵਾਲੇ 11 ਲੱਖ 30 ਹਜ਼ਾਰ ਵਿਅਕਤੀਆਂ ਨੂੰ ਵਿਜ਼ਟਰ ਵੀਜ਼ੇ ਦੇ ਚੁੱਕੀ ਹੈ। ਇੱਕਲੇ 2014 ਵਿੱਚ 1 ਲੱਖ 52 ਹਜ਼ਾਰ ਵਿਜ਼ਟਰ ਭਾਰਤ ਤੋਂ ਕੈਨੇਡਾ ਆਏ। ਇਹਨਾਂ ਤੱਥਾਂ ਬਾਰੇ ਲਿਬਰਲ ਜਾਂ ਐਨ ਡੀ ਪੀ ਵਾਲੇ ਕਦੇ ਗੱਲ ਨਹੀਂ ਕਰਨਗੇ।

ਐਨ ਡੀ ਪੀ ਅਤੇ ਲਿਬਰਲ ਇਹ ਵੀ ਕਦੇ ਨਹੀਂ ਦੱਸਣਗੇ ਕਿ 2014 ਵਿੱਚ ਇੱਕਲੇ ਚੰਡੀਗੜ ਦਫਤਰ ਵਿੱਚੋਂ 84 ਹਜ਼ਾਰ 872 ਵਿਜ਼ਟਰ ਵੀਜ਼ਾ ਜਾਰੀ ਕੀਤੇ ਗਏ। ਪਿਛਲੀ ਸਰਕਾਰ ਦੇ ਮੁਕਾਬਲੇ ਇਹ ਜ਼ਮੀਨ ਅਸਮਾਨ ਦਾ ਫਰਕ ਹੈ।

ਚੰਡੀਗੜ ਦਫਤਰ ਵਿੱਚੋਂ ਸੁਪਰ ਵੀਜ਼ਾ ਦੀ ਸਫਲਤਾ ਦਰ ਹੋਰ ਵੀ ਚੰਗੀ ਰਹੀ। 2013 ਵਿੱਚ 79%, 2014 ਵਿੱਚ 85% ਅਤੇ 2015 ਵਿੱਚ 86% ਅਰਜ਼ੀ ਦੇਣ ਵਾਲੇ ਮਾਪਿਆਂ ਨੂੰ ਸੁਪਰ ਵੀਜ਼ਾ ਹਾਸਲ ਹੋਏ। ਇਹ ਸਫਲਤਾ ਦਰ ਦਰਸਾਉਂਦੀ ਹੈ ਕਿ ਕਿਵੇਂ ਕੰਜ਼ਰਵੇਟਿਵ ਸਰਕਾਰ ਦਾ ਮਾਪਿਆਂ ਨਾਲ ਕੀਤੇ ਵਾਅਦੇ ਨੂੰ ਨਿਭਾਉਂਦੀ ਹੈ।

ਹਰ ਪਰਵਾਸੀ ਦੀ ਆਸ ਹੁੰਦੀ ਹੈ ਕਿ ਉਹ ਜਲਦ ਤੋਂ ਜਲਦ ਕੈਨੇਡਾ ਵਰਗੇ ਮਹਾਨ ਮੁਲਕ ਦਾ ਸਿਟੀਜ਼ਨ ਬਣ ਜਾਵੇ। ਜਿੱਥੇ ਤੱਕ ਭਾਰਤ ਤੋਂ ਆਏ ਪਰਵਾਸੀਆਂ ਦਾ ਸੁਆਲ ਹੈ, ਉਹਨਾਂ ਵਾਸਤੇ ਟੋਰੀ ਸਰਕਾਰ ਨੇ ਸਾਰੇ ਦਰਵਾਜ਼ੇ ਖੁੱਲੇ ਰੱਖੇ ਹਨ, ਸਿਟੀਜ਼ਨਸ਼ਿੱਪ ਦੇ ਵੀ। ਟੋਰੀ ਸਰਕਾਰ ਤਹਿਤ 2 ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਕੈਨੇਡਾ ਦੇ ਸਿਟੀਜ਼ਨ ਬਣੇ ਜਿਸ ਬਦੌਲਤ ਅੱਜ ਕੈਨੇਡਾ ਵਿੱਚ 13 ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਵੱਸਦੇ ਹਨ। ਜਿੱਥੇ ਟੋਰੀ ਰਾਜ ਦੌਰਾਨ ਔਸਤਨ 22 ਹਜ਼ਾਰ ਭਾਰਤੀ ਮੂਲ ਦੇ ਲੋਕ ਕੈਨੇਡੀਅਨ ਸਿਟੀਜ਼ਨ ਬਣੇ ਉਸਦੇ ਮੁਕਾਬਲੇ ਲਿਬਰਲ ਸਰਕਾਰ ਦੌਰਾਨ ਇਹ ਗਿਣਤੀ ਮਹਿਜ਼ 13 ਹਜ਼ਾਰ 800 ਦੇ ਕਰੀਬ ਰਹੀ। ਟੋਰੀਆਂ ਦਾ ਰਿਕਾਰਡ 60% ਵਧੀਆ ਰਿਹਾ।

ਮਜ਼ੇਦਾਰ ਗੱਲ ਹੈ ਕਿ ਇਹਨਾਂ ਤੱਥਾਂ ਨੂੰ ਨਾ ਤਾਂ ਲਿਬਰਲ ਪਾਰਟੀ ਵਾਲੇ ਦੱਸਦੇ ਹਨ ਅਤੇ ਨਾ ਹੀ ਮੁੱਖ ਧਾਰਾ ਦਾ ਮੀਡੀਆ ਇਸ ਬਾਰੇ ਬਣਦੀ ਗੱਲ ਕਰਦਾ ਹੈ। ਕੀ ਅਸੀਂ ਭੁੱਲ ਸਕਦੇ ਹਾਂ ਕਿ ਲਿਬਰਲ ਸਰਕਾਰ ਦੌਰਾਨ ਇੰਮੀਗਰੇਸ਼ਨ ਦਾ ਬੈਕਲਾਗ ਸਾਢੇ 8 ਲੱਖ ਤੱਕ ਹੋ ਗਿਆ ਸੀ ਜਦੋਂ ਕਿ ਮਾਪਿਆਂ ਦਾ ਬੈਕਲਾਗ ਇੱਕ ਲੱਖ ਤੋਂ ਵੱਧ ਚਲਾ ਗਿਆ ਸੀ। ਲਿਬਰਲ ਸਰਕਾਰ ਨੇ ਹਰ ਪਰਵਾਸੀ ਦੇ ਕੈਨੇਡਾ ਦਾਖਲ ਹੋਣ ਉੱਤੇ 975 ਡਾਲਰ ਦੀ ਦਾਖਲਾ ਫੀਸ (ਰਾਈਟ ਆਫ ਲੈਂਡਿੰਗ) ਦੇ ਰੂਪ ਵਿੱਚ ਸਜ਼ਾ ਲਾਈ ਜਿਸਨੂੰ ਕੰਜ਼ਰਵੇਟਿਵ ਸਰਕਾਰ ਨੇ ਖਤਮ ਕੀਤਾ।

ਕੰਜ਼ਰਵੇਟਿਵ ਸਰਕਾਰ ਨੇ ਸਿਰਫ ਰਾਈਟ ਆਫ ਲੈਂਡਿੰਗ ਫੀਸ ਹੀ ਖਤਮ ਨਹੀਂ ਕੀਤੀ ਸਗੋਂ ਉਸਨੇ ਕੈਨੇਡਾ ਵਿੱਚ ਪਰਵਾਸੀਆਂ ਦੀ ਚੰਗੀ ਸਥਾਪਤੀ ਅਤੇ ਸਫਲਤਾ ਵਾਸਤੇ 600 ਮਿਲੀਅਨ ਡਾਲਰ ਦੀ ਸੈਟਲਮੈਂਟ ਸੇਵਾਵਾਂ ਵਾਸਤੇ ਰਾਸ਼ੀ ਵੀ ਪ੍ਰਦਾਨ ਕੀਤੀ ਜੋ ਲਿਬਰਲ ਸਰਕਾਰ ਨਾਲੋਂ ਤਿੰਨ ਗੁਣਾ ਵੱਧ ਸੀ। ਲਿਬਰਲ ਸਰਕਾਰ ਵੇਲੇ ਪ੍ਰਤੀ ਇੰਮੀਗਰਾਂਟ ਦੀ ਸਥਾਪਤੀ ਲਈ 1 ਹਜ਼ਾਰ ਡਾਲਰ ਖਰਚੇ ਜਾਂਦੇ ਸਨ ਜੋ ਕਿ ਟੋਰੀਆਂ ਨੇ ਵਧਾ ਕੇ 3 ਹਜ਼ਾਰ ਪ੍ਰਤੀ ਇੰਮੀਗਰਾਂਟ ਕੀਤੇ।

ਜਦੋਂ ਕੋਈ ਵਿਅਕਤੀ ਕਿਸੇ ਵੀ ਮੁਲਕ ਤੋਂ ਕੈਨੇਡਾ ਪਰਵਾਸ ਕਰਨ ਲਈ ਅਰਜ਼ੀ ਪਾਉਂਦਾ ਹੈ, ਉਹ ਅਤੇ ਉਸਦਾ ਪਰਿਵਾਰ ਉਸੇ ਦਿਨ ਤੋਂ ਕੈਨੇਡਾ ਆ ਕੇ ਜੀਵਨ ਬਤੀਤ ਕਰਨ ਦੇ ਸੁਫਨੇ ਸਜਾਉਣੇ ਆਰੰਭ ਕਰ ਦੇਂਦੇ ਹਨ। ਲਿਬਰਲ ਸਰਕਾਰ ਉਹਨਾਂ ਲੱਖਾਂ ਲੋਕਾਂ ਦੇ ਸੁਫਨੇ ਕਤਲ ਕਰਨ ਦੀ ਦੋਸ਼ੀ ਰਹੀ ਹੈ ਜਿਹਨਾਂ ਨੂੰ ਅਰਜ਼ੀ ਕਰਨ ਤੋਂ ਬਾਅਦ ਕੈਨੇਡਾ ਦਾਖਲ ਹੋਣ ਬਾਰੇ ਫੈਸਲਾ ਸੁਣਨ ਨੂੰ 8 ਸਾਲ ਲੱਗ ਜਾਂਦੇ ਸਨ। ਜ਼ਰਾ ਸੋਚਿਆ ਜਾਵੇ ਕਿ ਉਸ ਵਿਅਕਤੀ ਅਤੇ ਉਸਦੇ ਪਰਿਵਾਰ ਉੱਤੇ ਕੀ ਬੀਤਦੀ ਹੋਵੇਗੀ ਜਿਸਨੂੰ 8 ਸਾਲ ਬਾਅਦ ਪਤਾ ਲੱਗਦਾ ਹੋਵੇਗਾ ਕਿ ਉਸਦੀ ਅਰਜ਼ੀ ਸਫਲ ਨਹੀਂ ਹੋਈ। ਇਹ ਪਰਵਾਸੀਆਂ ਪ੍ਰਤੀ ਨਹੀਂ ਸਗੋਂ ਮਨੁੱਖਤਾ ਪ੍ਰਤੀ ਮੁਜਰਮਾਨਾ ਰਵਈਆ ਹੈ ਜਿਸਨੂੰ ਕੰਜ਼ਰਵੇਟਿਵ ਸਰਕਾਰ ਨੇ ਘੱਟ ਕਰਕੇ 4 ਸਾਲ ਉੱਤੇ ਲਿਆਂਦਾ। ਹੁਣ ਨਵੀਂ ਐਕਸਪ੍ਰੈਸ ਐਂਟਰੀ ਰਾਹੀਂ ਤਾਂ ਪਰਵਾਸੀ ਕੁੱਝ ਮਹੀਨਿਆਂ ਵਿੱਚ ਹੀ ਕੈਨੇਡਾ ਆ ਕੇ ਨਵਾਂ ਜੀਵਨ ਆਰੰਭ ਕਰ ਲੈਂਦੇ ਹਨ। ਇਸਤੋਂ ਵੱਧ ਹੋਰ ਸੌਖਾ ਕੀ ਹੋ ਸਕਦਾ ਹੈ?

ਉੱਪਰ ਦਿੱਤੇ ਅੰਕੜੇ ਦਰਸਾਉਂਦੇ ਹਨ ਕਿ ਗੱਲਾਂ ਨਾਲੋਂ ਅਮਲ ਵਧੇਰੇ ਕਾਰਗਰ ਸਾਬਤ ਹੁੰਦੇ ਹਨ। ਕੀਤੇ ਵਾਅਦਿਆਂ ਉੱਤੇ ਅਮਲ ਕਰਨ ਦੀ ਕਾਬਲੀਅਤ ਹੀ ਕੰਜ਼ਰਵੇਟਿਵ ਪਾਰਟੀ ਨੂੰ ਦੂਜੀਆਂ ਪਾਰਟੀਆਂ ਨਾਲੋਂ ਵੱਖ ਕਰਦੀ ਹੈ। ਸੁਆਲ ਵਾਅਦਿਆਂ ਦਾ ਨਹੀਂ ਸਗੋਂ ਅਮਲਾਂ ਦਾ ਹੈ। ਅੰਕੜੇ ਉਹ ਸ਼ੀਸ਼ਾ ਹੁੰਦੇ ਹਨ ਜੋ ਝੂਠ ਨਹੀਂ ਬੋਲਦੇ। ਇੰਮੀਗਰੇਸ਼ਨ ਦੇ ਮਾਮਲੇ ਵਿੱਚ ਕੰਜ਼ਰਵੇਟਿਵ ਪਾਰਟੀ ਦਾ ਸ਼ੀਸ਼ਾ ਬਿਲਕੁਲ ਸਾਫ ਅਤੇ ਸਪਸ਼ਟ ਹੈ।

## ਐਨ ਡੀ ਪੀ ਵਲੋਂ ਪੰਜਾਬੀ ਭਾਸ਼ਾ 'ਚ ਵੋਟ ਮੰਗਣ ...

... ਪੰਨਾ 1 ਦਾ ਬਾਕੀ

ਕੀਤੇ ਕੰਮ ਦੀ ਬਣਦੀ ਤਨਖਾਹ ਦਿਤੀ ਜਾਵੇਗੀ। ਐਨ ਡੀ ਪੀ ਦੀ ਕੰਸਲਟਿੰਗ ਫਰਮ ਵੈਨਕੂਵਰ ਸਟ੍ਰੈਟਜਿਕ ਕੌਮੁਨਿਕੇਸ਼ਨ ਦੇ ਪ੍ਰੈਜ਼ੀਡੈਂਟ ਬੌਬ ਪੈਨਰ ਨੇ ਕਿਹਾ ਹੈ ਕਿ ਹੁਣ ਮਾਮਲਾ ਸੁਲਝ ਗਿਆ ਅਤੇ ਹੁਣ ਸਾਰੇ ਵਰਕਰਾਂ ਨੂੰ 17 ਡਾਲਰ ਦੇ ਹਿਸਾਬ ਨਾਲ ਸੈਲਰੀ ਦਿਤੀ ਜਾਵੇਗੀ।

ਦਰਅਸਲ ਐਤਵਾਰ ਨੂੰ ਕਰੇਗਲਿਸਟ ਉੱਪਰ ਐਨ ਡੀ ਪੀ ਵਲੋਂ ਪ੍ਰਕਾਸ਼ਿਤ ਦੋ ਇਸ਼ਤਿਹਾਰ ਦੇਖੇ ਗਏ। ਇੱਕ ਵਿਚ ਅੰਗ੍ਰੇਜ਼ੀ ਭਾਸ਼ਾ ਵਿਚ ਵੋਟ ਮੰਗਣ ਵਾਲੇ ਦੀ ਲੋੜ ਅਤੇ 17 ਡਾਲਰ ਪ੍ਰਤੀ ਘੰਟਾ ਵੇਤਨ ਲਿਖਿਆ ਗਿਆ ਸੀ ਅਤੇ ਦੂਜੇ ਇਸ਼ਤਿਹਾਰ ਵਿਚ ਪੰਜਾਬੀ ਭਾਸ਼ਾ ਵਿਚ ਵੋਟ ਮੰਗਣ ਵਾਲੇ ਦੀ ਲੋੜ ਅਤੇ 13 ਡਾਲਰ ਪ੍ਰਤੀ ਘੰਟਾ ਵੇਤਨ ਲਿਖਿਆ ਗਿਆ ਸੀ। ਇਸ ਤਰ੍ਹਾਂ ਦੇ ਇਸ਼ਤਿਹਾਰ ਇੱਕ ਵਿਤਕਰੇ ਦਾ ਸਬੂਤ ਹਨ ਅਤੇ ਮਲਕੇਅਰ ਵਲੋਂ ਆਪਣੀ ਚੋਣ ਮੁਹਿੰਮ ਵਿਚ 15 ਡਾਲਰ ਪ੍ਰਤੀ ਘੰਟਾ ਵੇਤਨ ਦਾ ਮੁੱਦਾ ਚੁੱਕਿਆ ਗਿਆ ਹੈ।

ਜਦੋਂ ਪੱਤਰਕਾਰ ਵਲੋਂ ਇਸ ਵਿਸ਼ੇ ਤੇ ਐਨ ਡੀ ਪੀ ਪਾਰਟੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਕੰਮ ਬਰਨਬੀ ਦੀ ਇਕ ਇੰਪਲੋਏਮੈਂਟ ਅਜੰਸੀ ਐਕਸਪ੍ਰੈਸ ਪ੍ਰੋਫੈਸ਼ਨਲਸ ਵਲੋਂ ਚਲਾਇਆ ਜਾ ਰਿਹਾ ਹੈ ਅਤੇ ਇਹ ਇਕ ਮਾਤਰ ਗਲਤੀ ਹੈ।

ਐਨ ਡੀ ਪੀ ਦੇ ਬੁਲਾਰੇ ਗਲੈਨ ਸੈਨਫੋਰਡ ਨੇ ਕਿਹਾ ਕਿ ਪਾਰਟੀ ਨੂੰ ਇਸ ਗੱਲ ਦਾ ਇਲਮ ਨਹੀਂ ਸੀ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾ ਰਿਹਾ ਅਤੇ ਜਦੋਂ ਸਾਨੂੰ ਪਤਾ ਲਗਾ ਤਾਂ ਅਸੀਂ ਤੁਰੰਤ ਇਸ ਤੇ ਕਾਰਵਾਈ ਕਰਕੇ ਇਸ ਵਿਚ ਸੋਧ ਕੀਤੀ ਹੈ।

## ਜਸਟਿਨ ਟਰੂਡੋ ਵਲੋਂ 2.6 ਬਿਲੀਅਨ ਡਾਲਰ ਮੂਲ ...

... ਪੰਨਾ 1 ਦਾ ਬਾਕੀ

ਜਾ ਰਹੀ ਹੈ। ਲਿਬਰਲ ਪਾਰਟੀ ਦੇ ਚੋਣ ਮੁਹਿੰਮ ਅਜੰਡੇ ਵਿਚ ਫ੍ਰਸਟ ਨੇਸ਼ਨ ਨੂੰ ਦਿਤੀ ਜਾਣ ਵਾਲੀ ਫੈਡਰਲ ਫੰਡਿੰਗ ਵਿਚ 2 ਫੀਸਦੀ ਦੀ ਕੈਪ ਨੂੰ ਹਟਾਉਣ ਦਾ ਮੁੱਦਾ ਵੀ ਸ਼ਾਮਲ ਹੈ। ਇਸ ਦੇ ਨਾਲ ਨਾਲ ਲਿਬਰਲ ਚੋਣ ਅਜੰਡੇ ਵਿਚ ਗਾਇਬ ਅਤੇ ਕਤਲ ਹੋਈਆਂ ਮੂਲ ਵਾਸੀ ਲੜਕੀਆਂ ਲਈ ਕੌਮੀ ਪੜਤਾਲ ਕਰਵਾਉਣ ਦਾ ਮੁੱਦਾ ਵੀ ਸ਼ਾਮਲ ਹੈ। ਕੰਸਰਵੇਟਿਵ ਪਾਰਟੀ ਵਲੋਂ ਮੂਲ ਵਾਸੀ ਲੜਕੀਆਂ ਲਈ ਹੋਰ ਯੋਜਨਾਵਾਂ ਅਧੀਨ ਫੰਡ ਦੇਣ ਦੀ ਗੱਲ ਕਹੀ ਹੈ। ਫ੍ਰਸਟ ਨੇਸ਼ਨਸ ਵਲੋਂ ਕੰਸਰਵੇਟਿਵ ਸਰਕਾਰ ਵਲੋਂ ਲਿਆਂਦੇ ਗਏ ਬਿੱਲ ਸੀ-51 ਦਾ ਸਮਰਥਨ ਕਰਨ ਲਈ ਜਸਟਿਨ ਟਰੂਡੋ ਦੀ ਅਲੋਚਨਾ ਕੀਤੀ ਗਈ ਸੀ। ਬੁੱਧਵਾਰ ਨੂੰ ਰੀਜਾਈਨਾ ਵਿਚ ਆਪਣੀ ਚੋਣ ਮੁਹਿੰਮ ਦੌਰਾਨ ਟਰੂਡੋ ਨੇ ਬਿਲ ਸੀ-51 ਤੇ ਆਪਣਾ ਬਚਾਅ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੇ ਇਸ ਬਿੱਲ ਤੇ ਮੁੜ ਤੋਂ ਵਿਚਾਰ ਕੀਤੀ ਜਾਵੇਗੀ ਅਤੇ ਫ੍ਰਸਟ ਨੇਸ਼ਨ ਦੇ ਮੁੱਦਿਆ ਦਾ ਇਸ ਬਿੱਲ ਵਿਚ ਖ਼ਾਸ ਖਿਆਲ ਰਖਿਆ ਜਾਵੇਗਾ।

# ਫੈਡਰਲ ਚੋਣਾਂ 2015 : ਉਂਟੇਰੀਓ ਸੂਬੇ ਵਿੱਚ ਐਨਡੀ.ਪੀ. ਦੀ ਪੱਕੜ ਢਿੱਲੀ- ਸਰਵੇਖਣ



(ਮਨੋਹਰ ਸਹੋਤਾ/ ਬਰੈਂਪਟਨ) : ਇਸ ਵਾਰ ਦੀਆਂ ਫੈਡਰਲ ਚੋਣਾਂ ਇਕ ਤ੍ਰਿਕੋਨੀ ਟੱਕਰ ਵਾਂਗ ਉੱਭਰ ਕੇ ਸਾਹਮਣੇ ਆ ਰਹੀਆਂ ਹਨ, ਪਰ ਉਂਟੇਰੀਓ ਅੰਦਰ ਐਨ ਡੀ ਪੀ ਪਾਰਟੀ ਹੁਣ ਤੱਕ ਆਪਣਾ ਬਹੁਤਾ ਪ੍ਰਭਾਵ ਨਹੀਂ ਦਿਖਾ ਸਕੀ ਜਿਥੇ ਇਸ ਦੀ ਸੱਭ ਤੋਂ ਵੱਧ ਲੋੜ ਮੰਨੀ ਜਾਂਦੀ ਹੈ। ਨੈਨੋਸ ਸਰਵੇਖਣ ਮੁਤਾਬਕ ਥਾਮਸ ਮਲਕੇਅਰ ਦੀ ਪਾਰਟੀ, ਕੈਨੇਡਾ ਦੇ ਸੱਭ ਤੋਂ ਮਹੱਤਵਪੂਰਨ ਸੂਬੇ, ਉਂਟੇਰੀਓ ਵਿਚ ਸੱਭ ਤੋਂ ਪਿਛੇ ਚੱਲ ਰਹੀ ਹੈ। ਨਿਊ ਡੈਮੋਕਰੈਟਸ ਵਾਸਤੇ ਇਹ ਇੱਕ ਖਤਰੇ ਦੀ ਘੰਟੀ ਹੈ ਜੋ ਕੁੱਝ ਸਮੇਂ ਤੋਂ ਲਿਬਰਲ ਪਾਰਟੀ ਤੋਂ ਓਪੀਨਅਨ ਪੋਲਾਂ ਵਿਚ ਅੱਗੇ ਚੱਲ ਰਹੀ ਸੀ। ਉਂਟੇਰੀਓ ਵਿਚ ਕੁੱਲ 121 ਸੀਟਾਂ ਹਨ ਜੋ ਕਿ ਹਾਊਸ ਆਫ਼ ਕਾਮਨਜ਼ ਦੀਆਂ ਕੁੱਲ ਸੀਟਾਂ ਦਾ ਇੱਕ ਤਿਹਾਈ ਹਿੱਸਾ ਹੈ।

ਮਲਕੇਅਰ ਵਲੋਂ ਚੋਣਾਂ ਦੇ ਐਲਾਨ ਤੋਂ ਹਫਤਾ ਪਹਿਲਾਂ ਉਂਟੇਰੀਓ ਦੇ ਦਖਣੀ ਹਿੱਸਿਆਂ ਵਿਚ ਅੱਠ ਦਿਨਾਂ ਦਾ ਦੌਰਾ ਕੀਤਾ ਗਿਆ ਜਿਸ ਵਿਚ ਮਿਸੀਸਾਗਾ, ਸਕਾਰ-ਬਰੋ, ਬਰੈਂਪਟਨ ਅਤੇ ਹੋਰ ਨਾਲ ਲੱਗਦੇ ਇਲਾਕਿਆਂ ਵਿਚ ਚੋਣ ਤਰਜ਼ ਦੀਆਂ ਰੈਲੀਆਂ ਕੀਤੀਆਂ ਗਈਆਂ ਸਨ। ਸਰਕਾਰ ਬਣਾਉਣ ਦੀ ਦਾਅਵੇਦਾਰ ਲਈ 416 ਅਤੇ 905 ਦੇ ਇਲਾਕੇ ਜਿਤਣੇ ਕਿਸੇ ਵੀ ਪਾਰਟੀ ਲਈ ਜਰੂਰੀ ਹਨ।

ਨੈਨੋ ਸਰਵੇਖਣ ਮੁਤਾਬਕ ਇਸ ਵਕਤ ਕੰਜ਼ਰਵੇਟਿਵ ਪਾਰਟੀ ਨੂੰ ਉਂਟੇਰੀਓ ਵਿਚ 37 ਫੀਸਦੀ ਸਮਰਥਨ ਹਾਸਲ ਹੈ। ਲਿਬਰਲ 29 ਫੀਸਦੀ ਸਮਰਥਨ ਨਾਲ ਦੂਜੇ ਨੰਬਰ ਤੇ ਹੈ ਅਤੇ ਐਨ ਡੀ ਪੀ ਪਾਰਟੀ ਨੂੰ ਉਂਟੇਰੀਓ ਵਿਚ ਸਿਰਫ਼ 26 ਫੀਸਦੀ ਸਮਰਥਨ ਹਾਸਲ ਹੋ ਰਿਹਾ ਹੈ।

ਅਗਰ ਇਸ ਸਰਵੇਖਣ ਵਿਚ ਥੋੜੀ ਬਹੁਤ ਗਲਤੀ ਵੀ ਮੰਨ ਲਈ ਜਾਵੇ ਤਾਂ ਵੀ ਐਨ ਡੀ ਪੀ ਲਈ ਇਹ ਇਕ ਵੱਡੀ ਚੁਣੌਤੀ ਹੈ। ਮਲਕੇਅਰ ਵਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ 2011 ਦੇ ਕੈਬਕ ਸਮਰਥਨ ਵਾਂਗ ਸਾਰਾ ਦੇਸ਼ ਸੰਤਰੀ ਰੰਗ ਵਿਚ ਰੰਗਿਆ ਜਾਵੇਗਾ ਪਰ ਹੁਣ ਤੱਕ ਇਹ ਉਂਟੇਰੀਓ ਨੂੰ ਆਪਣੇ ਰੰਗ ਵਿਚ ਰੰਗਣ ਤੋਂ ਦੂਰ ਜਾਪਦਾ ਹੈ। ਐਨ ਡੀ ਪੀ ਸਲਾਹਕਾਰਾਂ ਦਾ ਮੰਨਣਾ ਹੈ ਕਿ ਉਹ ਗ੍ਰੇਟਰ ਟੋਰਾਂਟੋ ਇਲਾਕੇ ਦੀਆਂ ਸੀਟਾਂ ਤੇ ਧਿਆਨ ਕੇਂਦਰਿਤ ਕਰ ਰਹੇ ਹਨ ਜਿਥੋਂ ਉਹ ਕੰਸਰਵੇਟਿਵ ਵੋਟ ਤੋੜ ਸਕਦੇ ਹਨ ਜਿਵੇਂ ਸਕਾਰ-ਬਰੋ, ਮਿਸੀਸਾਗਾ ਅਤੇ ਬਰੈਂਪਟਨ ਜਾਂ ਪੀਲ ਦੇ ਹੋਰ ਇਲਾਕੇ। ਪਰ ਇਥੇ ਜ਼ਿਕਰਯੋਗ ਹੈ ਕਿ ਬਰੈਂਪਟਨ ਵਿਚ ਹਾਲ ਦੀ ਘੜੀ ਬਹੁਤੇ ਲੋਕਾਂ ਨੂੰ ਨਿਊ ਡੈਮੋਕਰੇਟ ਪਾਰਟੀ ਦੇ ਉਮੀਦਵਾਰਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਸਮਰਥਨ ਤਾਂ ਦੂਰ ਦੀ ਗੱਲ। ਭਾਈਚਾਰੇ ਵਿਚ ਹੁਣ ਤੱਕ ਜੋ ਥੋੜੀ ਬਹੁਤੀ ਪੈਠ ਛੱਡਣ ਵਿਚ ਕਾਮਯਾਬ ਹੋਏ ਹਨ ਉਹ ਹਨ ਐਨ ਡੀ ਪੀ ਉਮੀਦਵਾਰ ਹਰਬਲਜੀਤ ਕਾਹਲੋਂ, ਰੋਸਮੇਰੀ ਕੀਨਨ ਅਤੇ ਮਾਰਟਿਨ ਸਿੰਘ।

ਅਗਰ ਇਨ੍ਹਾਂ ਸਰਵੇਖਣਾਂ ਨੂੰ ਸਹੀ ਮੰਨ ਲਿਆ ਜਾਵੇ ਤਾਂ ਅਕਤੂਬਰ 19 ਨੂੰ ਪੈਣ ਵਾਲੀਆਂ ਵੋਟਾਂ ਵਿਚ ਐਨ ਡੀ ਪੀ ਨੂੰ ਕੈਬਕ ਅਤੇ ਬੀ ਸੀ ਵਿਚ ਤਾਂ ਸੀਟਾਂ ਮਿਲ ਜਾਣਗੀਆਂ ਪਰ ਉਂਟੇਰੀਓ ਜਿਤਣ ਤੋਂ ਬਗੈਰ ਚੋਣਾਂ ਜਿਤਣੀਆਂ ਮੁਸ਼ਕਿਲ ਹਨ।

ਦੇਸ਼ ਭਰ ਵਿਚ ਕਰਵਾਏ ਨੈਨੋ ਸਰਵੇਖਣ ਅਨੁਸਾਰ ਇਸ ਤ੍ਰਿਕੋਣੀ ਟੱਕਰ ਵਿਚ ਕੰਸਰਵੇਟਿਵ 31.2 ਫੀਸਦੀ, ਐਨ ਡੀ ਪੀ 30.4 ਫੀਸਦੀ ਅਤੇ ਲਿਬਰਲ 28.6 ਫੀਸਦੀ ਸਮਰਥਨ ਤੇ ਖੜੇ ਹਨ।

ਕੰਸਰਵੇਟਿਵ ਪਾਰਟੀ ਦੀ ਉਂਟੇਰੀਓ ਵਿਚ ਮਜ਼ਬੂਤੀ ਇਹ ਦਰਸਾਉਂਦੀ ਹੈ ਕਿ ਸੂਬੇ ਦੀਆਂ 121 ਸੀਟਾਂ ਵਿਚੋਂ ਵੱਡਾ ਹਿੱਸਾ ਕੰਸਰਵੇਟਿਵ ਦੀ ਝੋਲੀ ਵਿਚ ਪੈਣ ਵਾਲਾ ਹੈ। ਪਰ ਹੁਣ ਤੱਕ ਦਾ 37 ਫੀਸਦੀ ਦਾ ਸਮਰਥਨ 2011 ਦੇ 44 ਫੀਸਦੀ ਚੋਣ ਸਮਰਥਨ ਤੋਂ ਕਿਤੇ ਘੱਟ ਹੈ ਅਤੇ ਉਸ ਵਕਤ ਹਾਰਪਰ ਨੇ ਬਹੁਮਤ ਸਰਕਾਰ ਬਣਾਈ ਸੀ ਜਿਸ ਵਿਚ ਉਂਟੇਰੀਓ ਦੀਆਂ 196 ਸੀਟਾਂ ਵਿਚੋਂ 73 ਸੀਟਾਂ ਕੰਸਰਵੇਟਿਵ ਪਾਰਟੀ ਨੇ ਜਿਤੀਆਂ ਸਨ।

ਕੈਬਕ ਵਿਚ ਐਨ ਡੀ ਪੀ ਪਾਰਟੀ ਹੁਣ ਤੱਕ ਸੱਭ ਤੋਂ ਅੱਗੇ ਚੱਲ ਰਹੀ ਹੈ ਅਤੇ ਲਿਬਰਲ ਨੇ ਕਾਫੀ ਫਾਸਲਾ ਤੈਅ ਕਰ ਕੇ ਹੁਣ ਦੂਜੇ ਨੰਬਰ ਤੇ ਆ ਖਲੋਤੀ ਹੈ, ਬਲਾਕ ਕੈਬਕਾਸ ਅਤੇ ਕੰਸਰਵੇਟਿਵ ਪਾਰਟੀ ਦਾ ਇਸ ਸੂਬੇ ਵਿਚ ਢਿੱਲਾ ਪ੍ਰਦਰਸ਼ਨ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਐਨ ਡੀ ਪੀ ਕੋਲ ਵਾਧੂ ਸਮਰਥਨ ਹੈ। ਪਰੇਰੀਜ਼ ਵਿਚ ਕੰਸਰਵੇਟਿਵ ਬੇਹੱਦ ਅੱਗੇ ਚੱਲ ਰਹੇ ਹਨ ਜਦਕਿ ਅਟਲਾਂਟਿਕ ਰਿਜਨ ਵਿਚ ਲਿਬਰਲ ਦੀ ਝੰਡੀ ਹੈ।

ਇਸ ਕੌਮੀ ਸਰਵੇਖਣ ਨੂੰ ਅਗਸਤ 7 ਨੂੰ ਪੂਰਾ ਕੀਤਾ ਗਿਆ ਅਤੇ ਇਸ ਵਿਚ 1,000 ਲੋਕਾਂ ਤੋਂ ਵੱਖ ਵੱਖ ਸਮੇਂ ਤੇ ਚੋਣਾਂ ਅਤੇ ਪਾਰਟੀਆਂ ਬਾਰੇ ਪ੍ਰਸ਼ਨ ਪੁੱਛੇ ਗਏ ਸਨ। ਮੰਨਿਆਂ ਜਾਂਦਾ ਹੈ ਕਿ ਇਹ ਸਰਵੇਖਣ 3.1 ਫੀਸਦੀ ਅਨੁਪਾਤ ਅਤੇ 20 ਵਿਚੋਂ 19 ਵਾਰ ਨਾਲ ਸਹੀ ਦੇ ਨਜ਼ਦੀਕ ਹੁੰਦੇ ਹਨ।

# ਬਰੈਂਪਟਨ ਸਾਊਥ ਤੋਂ ਲਿਬਰਲ ਉਮੀਦਵਾਰ ਸੋਨੀਆ ਸਿੱਧੂ ਦੇ ਚੋਣ-ਦਫ਼ਤਰ ਦਾ ਉਦਘਾਟਨ ਐਤਵਾਰ 16 ਅਗੱਸਤ ਨੂੰ



(ਬਰੈਂਪਟਨ/ਡਾ.ਸੁਖਦੇਵ ਸਿੰਘ ਝੰਡ): ਬਰੈਂਪਟਨ ਸਾਊਥ ਲਿਬਰਲ ਰਾਈਡਿੰਗ ਪ੍ਰੈਜ਼ੀਡੈਂਟ ਗੁਰਪ੍ਰੀਤ ਸਿੰਘ ਬਾਠ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਰਾਈਡਿੰਗ ਤੋਂ ਲਿਬਰਲ ਉਮੀਦਵਾਰ ਸੋਨੀਆ ਸਿੱਧੂ ਵੱਲੋਂ ਆਪਣੇ ਚੋਣ-ਦਫ਼ਤਰ ਦਾ ਬਾ-ਕਾਇਦਾ ਉਦਘਾਟਨ 16 ਅਗੱਸਤ ਦਿਨ ਐਤਵਾਰ ਨੂੰ ਦੁਪਹਿਰ 12.00 ਕੀਤਾ ਜਾ ਰਿਹਾ ਹੈ। ਇਹ ਚੋਣ-ਦਫ਼ਤਰ 205 ਕਾਊਂਟੀ ਕੋਰਟ ਬੁਲੇਵਾਰਡ, ਬਰੈਂਪਟਨ ਵਿਖੇ ਸਥਿਤ ਹੈ। ਉਨ੍ਹਾਂ ਦੇ ਹਮਾਇਤੀਆਂ ਅਤੇ ਲਿਬਰਲ ਪਾਰਟੀ ਵਰਕਰਾਂ ਨੂੰ ਇਸ ਮੌਕੇ ਸਮੇਂ ਸਿਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਬਾਠ ਨੂੰ 416-720-5641 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਰਾਈਡਿੰਗ ਤੋਂ ਸੋਨੀਆ ਸਿੱਧੂ ਦਾ ਮੁਕਾਬਲਾ ਕੰਜ਼ਰਵੇਟਿਵ ਉਮੀਦਵਾਰ ਕਾਈਲ ਸੀਬੈਕ ਅਤੇ ਐੱਨ.ਡੀ.ਪੀ. ਵੱਲੋਂ 16 ਤਰੀਕ ਨੂੰ ਚੁਣੇ ਜਾਣ ਵਾਲੇ ਉਮੀਦਵਾਰ ਨਾਲ ਹੋਵੇਗਾ। ਮੁੱਖ-ਮੁਕਾਬਲਾ ਇਨ੍ਹਾਂ ਤਿੰਨਾਂ ਪਾਰਟੀਆਂ ਵਿਚਕਾਰ ਹੀ ਹੋਣ ਦੀ ਸੰਭਾਵਨਾ ਹੈ।

# 2011 ਦੇ ਮੁਕਾਬਲੇ ਫੈਡਰਲ ਆਗੂਆਂ ਦੀ ਡਿਬੇਟ ਵਿਚ ਆਮ ਲੋਕਾਂ ਦੀ ਰਹੀ ਘੱਟ ਰੁਚੀ



ਟੋਰਾਂਟੋ, 11 ਅਗਸਤ(ਪੋਸਟ ਬਿਊਰੋ): ਮੈਕਲੀਨ ਮੈਗਜ਼ੀਨ ਵਲੋਂ ਬੀਤੇ ਹਫਤੇ ਕਰਵਾਈ ਗਈ ਫੈਡਰਲ ਆਗੂਆਂ ਦੀ ਡਿਬੇਟ ਨੂੰ ਸਾਲ 2011 ਦੀ ਅੰਗ੍ਰੇਜ਼ੀ ਡਿਬੇਟ ਦੇ ਮੁਕਾਬਲੇ ਸਿਰਫ਼ 40 ਫੀਸਦੀ ਲੋਕਾਂ ਵਲੋਂ ਦੇਖਿਆ ਗਿਆ।

ਮਕਲੀਨ ਦੀ ਮਾਲਿਕ ਕੰਪਨੀ ਰੋਜਰ ਮੀਡੀਆ ਨੇ ਕਿਹਾ ਕਿ ਅਗਸਤ 6 ਦੀ ਡਿਬੇਟ ਦੇ ਕਈ ਹਿੱਸੇ 3.8 ਮਿਲੀਅਨ ਕੈਨੇਡੀਅਨਜ਼ ਵਲੋਂ ਸਿਟੀ, ਓਮਨੀ ਅਤੇ ਸੀਪੈਕ ਉੱਤੇ ਦੇਖੇ ਗਏ ਜੋ ਕਿ ਔਸਤਨ 1.5 ਮਿਲੀਅਨ ਦਰਸ਼ਕ ਬਣਦੇ ਹਨ।

ਹਾਲ ਵਿਚ ਇਸ ਤਰ੍ਹਾਂ ਦੀ ਇਹ ਇਕੱਲੀ ਬਹਿਸ ਸੀ ਜਿਸ ਵਿਚ ਕੰਸਰਵੇਟਿਵ ਆਗੂ ਸਟੀਫਨ ਹਾਰਪਰ, ਐਨ ਡੀ ਪੀ ਆਗੂ ਥੌਮਸ ਮਲਕੇਅਰ, ਲਿਬਰਲ ਆਗੂ ਜਸਟਿਨ ਟਰੂਡੋ ਅਤੇ ਗ੍ਰੀਨ ਪਾਰਟੀ ਆਗੂ ਅਲੀਜ਼ਾਬੈਥ ਮੇਅ ਸ਼ਾਮਲ ਹੋਣ ਵਾਲੇ ਸਨ।

ਰੋਜਰ ਨੇ ਜਾਣਕਾਰੀ ਵਿਚ ਦਸਿਆ ਕਿ ਯੂ-ਟਿਊਬ, ਫੇਸਬੁੱਕ, ਮੈਕਲੀਨ ਦੀ ਵੈਬਸਾਈਟ ਅਤੇ ਓਮਨੀ ਦੀ ਵੈਬਸਾਈਟ ਉੱਪਰ ਵੀਡੀਓ ਨੂੰ 278,000 ਵਾਰ ਚਾਲੂ ਕੀਤਾ ਗਿਆ ਅਤੇ 4.1 ਮਿਲੀਅਨ ਕੁੱਲ ਮਿੰਟਾਂ ਦੀ ਵੀਡੀਓ ਦੇਖੀ ਗਈ। ਇਸ ਦਾ ਮਤਲਬ ਹਰ ਆਨਲਾਈਨ ਦਰਸ਼ਕ ਵਲੋਂ 15 ਮਿੰਟ ਤੋਂ ਘੱਟ ਇਸ ਡਿਬੇਟ ਨੂੰ ਦੇਖਿਆ ਗਿਆ।

ਇਸ ਦੇ ਮੁਕਾਬਲੇ ਜੇ ਦੇਖਿਆ ਜਾਵੇ ਤਾਂ ਪਿਛਲੇਰੀਆਂ ਫੈਡਰਲ ਚੋਣਾਂ ਮੌਕੇ ਹੋਈ ਕੰਸਰਵੇਟਿਵ ਆਗੂ ਸਟੀਫਨ ਹਾਰਪਰ, ਐਨ ਡੀ ਪੀ ਆਗੂ ਜੈਕ ਲੇਅਟਨ, ਲਿਬਰਲ ਆਗੂ ਮਾਈਕਲ ਇਗਨੈਟੀਅਫ ਅਤੇ ਬਲਾਕ ਕੈਬਕਾਸ ਦੇ ਆਗੂ ਜ਼ੀਲਸ ਦੁਸੈਪ ਦੀ ਡਿਬੇਟ ਨੂੰ 10.6 ਮਿਲੀਅਨ ਲੋਕਾਂ ਵਲੋਂ ਦੇਖਿਆ ਗਿਆ ਸੀ।

ਆਉਣ ਵਾਲੀਆਂ ਡਿਬੇਟਾਂ ਬਾਰੇ ਵੀ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਤਿੰਨੇਂ ਪਾਰਟੀਆਂ ਦੇ ਲੀਡਰ ਪਹਿਲਾਂ ਵਾਂਗੂ ਦਰਸ਼ਕਾਂ ਨੂੰ ਆਕ੍ਰਸਿਤ ਨਾ ਕਰ ਸਕਣ। ਗਲੋਬ ਅਤੇ ਮੇਲ ਵਲੋਂ ਗੂਗਲ ਕੈਨੇਡਾ ਅਤੇ ਸੀ ਪੈਕ ਦੇ ਸਹਿਯੋਗ ਨਾਲ ਅਗਲੀ ਡਿਬੇਟ 17 ਸਤੰਬਰ ਨੂੰ ਰੱਖੀ ਗਈ ਹੈ ਜੋ ਕਿ ਯੂ-ਟਿਊਬ ਤੇ ਵੀ ਵੇਖੀ ਜਾ ਸਕੇਗੀ।

ਮੰਕ ਡਿਬੇਟ ਵਲੋਂ ਆਗੂਆਂ ਦੀ ਡਿਬੇਟ 5 ਅਕਤੂਬਰ ਨੂੰ ਕਰਵਾਈ ਜਾ ਰਹੀ ਹੈ।

# ਮੈਰੋਵਾਨਾ(ਭੰਗ) ਦੇ ਕਾਨੂੰਨਾਂ ਵਿੱਚ ਢਿੱਲ ਕੈਨੇਡੀਅਨ ਲੋਕਾਂ ਦੀ ਸਿਹਤ ਲਈ ਖਤਰੇ ਦੀ ਘੰਟੀ- ਹਾਰਪਰ

ਟੋਰਾਂਟੋ, 11 ਅਗਸਤ(ਪੋਸਟ ਬਿਊਰੋ): ਕੰਸਰਵੇਟਿਵ ਆਗੂ ਸਟੀਫਨ ਹਾਰਪਰ ਨੇ ਅੱਜ ਮਾਰਖਮ ਵਿਚ ਬੋਲਦਿਆਂ ਕਿਹਾ ਕਿ ਮੈਰੋਵਾਨਾ(ਭੰਗ) ਨੂੰ ਕਾਨੂੰਨੀ ਤੌਰ ਤੇ ਮੁਹੱਈਆਂ ਕਰਵਾਉਣ ਨਾਲ ਬਹੁਤ ਸਾਰੇ ਹੋਰ ਕੈਨੇਡੀਅਨ ਇਸ ਦੇ ਆਦੀ ਹੋ ਸਕਦੇ ਹਨ ਅਤੇ ਲੰਬੇ ਸਮੇਂ ਵਿਚ ਇਸ ਦੇ ਸਿਹਤ ਉੱਤੇ ਭੈੜੇ ਅਸਰ ਪੈਣਗੇ।

ਹਾਰਪਰ ਨੇ ਭੰਗ ਉੱਤੇ ਪਾਬੰਦੀ ਬਾਰੇ ਸਖ਼ਤ ਕਾਨੂੰਨ ਬਾਰੇ ਸਰਕਾਰ ਦੀ ਪ੍ਰਤੀਬਧਤਾ ਨੂੰ ਦੋਹਰਾਇਆ ਅਤੇ ਕਿਹਾ ਕਿ ਇਸ ਵਿਚ ਕਿਸੇ ਤਰ੍ਹਾਂ ਦੀ ਢਿੱਲ ਹੋਰ ਲੋਕਾਂ ਨੂੰ ਖਾਸ ਕਰਕੇ ਨੌਜਵਾਨ ਵਰਗ ਨੂੰ ਇਸ ਦੇ ਸੇਵਨ ਲਈ ਉਕਸਾਏਗੀ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਕੈਨੇਡੀਅਨ ਕੰਸਰਵੇਟਿਵ ਪਾਰਟੀ ਦੇ ਹੱਕ ਵਿਚ ਹਨ ਅਤੇ ਭੰਗ ਨੂੰ ਕਾਨੂੰਨੀ ਤੌਰ ਤੇ ਖੁਲ੍ਹ ਦਿਤੇ ਜਾਣ ਦੇ ਵਿਰੋੱਧ ਕਰਦੇ ਹਨ। ਉਨ੍ਹਾਂ ਅਮਰੀਕਾ ਦੇ ਸ਼ਹਿਰ ਕੋਲਾਰੈਡੋ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਮੈਰੋਵਾਨਾ ਨੂੰ ਖੁਲ੍ਹ ਦਿਤੇ ਜਾਣ ਕਾਰਣ ਕੋਲਾਰੈਡੋ ਵਿਚ ਇਸ ਦੀ ਵਰਤੋਂ ਵਧੀ ਹੈ।

ਹਾਰਪਰ ਨੇ ਕਿਹਾ ਕਿ ਇਸ ਕਾਨੂੰਨ ਵਿਚ ਖੁਲ੍ਹ ਦੇਣ ਕਾਰਣ ਕਈ ਬੱਚਿਆਂ ਨੂੰ ਇਸ ਦੀ ਆਦਤ ਪਵੇਗੀ, ਕਈ ਨੌਜਵਾਨ ਨਸ਼ਈ ਬਣ ਜਾਣਗੇ ਅਤੇ ਇਨ੍ਹਾਂ ਦੀਆਂ ਸਿਹਤ ਤੇ ਭੰਗ ਦੇ ਮੰਦੇ ਪ੍ਰਭਾਵ ਪੈਣੇ ਯਕੀਨੀ ਹਨ।



ਉਨ੍ਹਾਂ ਤੰਬਾਕੂ ਦੀ ਵਰਤੋਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਦਾ ਤੰਬਾਕੂ ਅਤੇ ਸਿਗਰੇਟ ਨਿਸ਼ੇਧਕ ਕਾਨੂੰਨਾਂ ਵਿਚ ਸੋਧਾਂ ਕੀਤੀਆਂ ਗਈਆਂ ਸਨ ਤਾਂ ਇਨ੍ਹਾਂ ਵਸਤਾਂ ਦੀ ਵਰਤੋਂ ਵਿਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਸੀ। ਉਨ੍ਹਾਂ ਕਿਹਾ ਕਿ ਸਿਗਰੇਟ ਦੇ ਧੂੰਏ ਨਾਲ ਫੇਫੜਿਆਂ ਅਤੇ ਸਰੀਰ ਦੇ ਕਈ ਹੋਰ ਹਿਸਿਆਂ ਨੂੰ ਨੁਕਸਾਨ ਪਹੁੰਚਦਾ ਹੈ।

ਹਾਰਪਰ ਨੇ ਕਿਹਾ ਕਿ ਇਹ ਸੱਭ ਚੀਜ਼ਾਂ ਲੋਕਾਂ ਨੂੰ ਗਲਤ ਦਿਸ਼ਾ ਵਿਚ ਲੈ ਕੇ ਜਾ ਰਹੀਆਂ ਹਨ ਅਤੇ ਬਹੁਤੇ ਕੈਨੇਡੀਅਨ ਇਸ ਮੁਸ਼ਕਿਲ ਦਾ ਹੱਲ ਦੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਲਿਬਰਲ ਆਗੂ ਇਸ ਨੂੰ ਕਾਨੂੰਨਨ ਖੁੱਲ੍ਹ ਦੇਣਾ ਚਾਹੁੰਦੇ ਹਨ ਤਾਂ ਜੋ ਇਹ ਸ਼ਰਾਬ ਅਤੇ ਤੰਬਾਕੂ ਵਾਂਗ ਸਟੋਰਾਂ ਤੇ ਮਿਲਣਾ ਸ਼ੁਰੂ ਹੋ ਜਾਵੇ ਜੋ ਕਿ ਇੱਕ ਬਹੁਤ ਹੀ ਖਤਰਨਾਕ ਪ੍ਰਸਤਾਵ ਹੈ।

ਨਵੀਂ ਕੰਸਰਵੇਟਿਵ ਸਰਕਾਰ ਬਣਨ ਤੇ ਇਨ੍ਹਾਂ ਸੱਭ ਗੈਰਕਾਨੂੰਨੀ ਨਸ਼ਿਆ ਉੱਤੇ ਰੋਕਥਾਮ ਦਾ ਕੰਮ ਜਾਰੀ ਰਹੇਗਾ ਇਹ ਵਾਅਦਾ ਹਾਰਪਰ ਨੇ ਆਪਣੀ ਚੋਣ ਰੈਲੀ ਦੌਰਾਨ ਕੀਤਾ। ਹਾਰਪਰ ਵਲੋਂ ਆਰ ਸੀ ਐਮ ਪੀ ਨੂੰ ਵੀ ਵਧੇਰੇ ਫੰਡਿੰਗ ਮੁਹੱਈਆਂ ਕਰਵਾਉਣ ਦੀ ਗੱਲ ਕਹੀ ਤਾਂ ਜੋ ਗੈਰਕਾਨੂੰਨੀ ਡਰੱਗ ਨੂੰ ਸਖ਼ਤੀ ਨਾਲ ਨੱਥ ਪਾਈ ਜਾ ਸਕੇ।

# ਉਂਟੇਰੀਓ ਪ੍ਰੋਵਿੰਸ਼ਲ ਪੈਨਸ਼ਨ ਪਲਾਨ ਨੂੰ ਲੈ ਕੇ ਵਿਨ ਅਤੇ ਹਾਰਪਰ ਵਿਚ ਟਕਰਾਓ ਜਾਰੀ

ਟੋਰਾਂਟੋ, 11 ਅਗਸਤ(ਪੋਸਟ ਬਿਊਰੋ): ਉਂਟੇਰੀਓ ਪ੍ਰੀਮੀਅਰ ਕੈਥਲਿਨ ਵਿਨ ਅਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਰਮਿਆਨ ਉਂਟੇਰੀਓ ਪ੍ਰੋਵਿੰਸ਼ਲ ਪੈਨਸ਼ਨ ਪਲਾਨ ਨੂੰ ਲੈ ਸ਼ਾਬਦਿਕ ਟਕਰਾਓ ਜਾਰੀ ਹੈ।

ਜਿਉਂ ਹੀ ਵਿਨ ਉਂਟੇਰੀਓ ਪ੍ਰੋਵਿੰਸ਼ਲ ਪੈਨਸ਼ਨ ਪਲਾਨ ਬਾਰੇ ਵਿਸਤ੍ਰਿਤ ਖੁਲਾਸਾ ਕਰਨ ਜਾ ਰਹੀ ਹੈ ਤਿਉਂ ਹੀ ਹਾਰਪਰ ਨੇ ਮਾਰਖਮ ਵਿਚ ਇਸ ਪਲਾਨ ਨੂੰ ਆਮ ਲੋਕਾਂ ਤੇ ਵਾਧੂ ਟੈਕਸ ਸਕੀਮ ਕਹਿ ਕੇ ਨਾਕਾਰ ਦਿਤਾ ਹੈ।

ਮੀਡੀਆਂ ਕਾਨਫਰੰਸ ਵਿਚ ਹਾਰਪਰ ਨੂੰ ਇਸ ਯੋਜਨਾ ਬਾਰੇ ਕਿਸੇ ਨੇ ਕੋਈ ਵੀ ਪ੍ਰਸ਼ਨ ਨਹੀਂ ਕੀਤਾ ਪਰ ਸਟੀਫਨ ਹਾਰਪਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਫੈਡਰਲ ਸਰਕਾਰ ਦੀ ਸਹਿਮਤੀ ਤੋਂ ਬਗੈਰ ਇਸ ਯੋਜਨਾ ਦਾ ਲਾਗੂ ਕੀਤਾ ਜਾਣਾ ਬੇਹੱਦ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਆਰਥਿਕਤਾ, ਰੁਜ਼ਗਾਰ ਅਤੇ ਛੋਟੇ ਕਾਰੋਬਾਰਾਂ ਤੇ ਮਾੜਾ ਅਸਰ ਪਵੇਗਾ ਜਿਸ ਨਾਲ ਰੁਜ਼ਗਾਰਾਂ ਵਿਚ ਕਟੌਤੀ ਕੀਤੀ ਜਾ ਸਕਦੀ ਹੈ।





ਦੂਜੇ ਪਾਸੇ ਵਿਨ ਨੇ ਕਿਹਾ ਹੈ ਕਿ ਫੈਡਰਲ ਸਰਕਾਰ ਦੀ ਮਦਦ ਤੋਂ ਬਗੈਰ ਉਹ ਇਸ ਗੱਲ ਤੋਂ ਅਣਜਾਣ ਹਨ ਕਿ ਇਸ ਯੋਜਨਾ ਨੂੰ ਬਣਾਉਣ ਅਤੇ ਚਲਾਉਣ ਉੱਪਰ ਕਿੰਨਾਂ ਖਰਚ ਆਵੇਗਾ ਪਰ ਇਸ ਯੋਜਨਾ ਨੂੰ ਲਾਗੂ ਕਰਨ ਲਈ ਉਨ੍ਹਾਂ ਦੇ ਇਰਾਦੇ ਦ੍ਰਿੜ ਹਨ। ਪ੍ਰੀਮੀਅਰ ਨੇ ਕਿਹਾ ਹੈ ਕਿ ਇਸ ਵਕਤ ਲੋਕ ਆਪਣੀ ਪੈਨਸ਼ਨ ਵਾਸਤੇ ਬਚਤ ਨਹੀਂ ਕਰ ਰਹੇ ਅਤੇ ਹਾਰਪਰ ਵਲੋਂ ਇਸ ਯੋਜਨਾ ਪ੍ਰਤੀ ਨਕਾਰਾਤਮਕ ਰਵੱਈਆ ਉਸ ਨੂੰ ਮਜਬੂਰ ਕਰ ਰਿਹਾ ਹੈ ਕਿ ਉਹ ਆਪਣੀ ਯੋਜਨਾ ਨੂੰ ਅਮਲ ਵਿਚ ਲਿਆਵੇ।

ਉਂਟੇਰੀਓ ਸਕੀਮ ਅਧੀਨ ਕੰਪਨੀਆਂ ਨੂੰ ਮੁਲਾਜ਼ਮਾਂ ਦੀ ਤਨਖਾਹ ਦਾ 1.9 ਫੀਸਦੀ ਹਿੱਸਾ ਅਤੇ ਵੱਧ ਤੋਂ ਵੱਧ 1,643 ਡਾਲਰ ਸਲਾਨਾ ਇਸ ਵਿਚ ਪਾਉਣਾ ਪਵੇਗਾ ਅਤੇ ਇਸ ਦੇ ਬਰਾਬਰ ਹੀ ਵਰਕਰ ਵਲੋਂ ਹਿੱਸਾ ਪਾਇਆ ਜਾਵੇਗਾ। ਪ੍ਰੋਵਿੰਸ਼ਲ ਪਲਾਨ 2017 ਵਿਚ ਵਡੇ ਕਾਰੋਬਾਰਾਂ ਲਈ ਸ਼ੁਰੂ ਕੀਤਾ ਜਾਵੇਗਾ ਜਿਥੇ 500 ਜਾਂ ਇਸ ਤੋਂ ਵੱਧ ਕਾਮੇਂ ਕੰਮ ਕਰਦੇ ਹੋਣਗੇ ਅਤੇ ਜਿਥੇ ਕਿਸੇ ਪੈਨਸ਼ਨ ਪਲਾਨ ਦਾ ਇੰਤਜਾਮ ਨਹੀਂ ਹੈ। 2018 ਵਿਚ ਮੱਧ ਅਕਾਰ ਦੇ ਕਾਰੋਬਾਰਾਂ ਲਈ ਇਹ ਸਕੀਮ ਲਾਗੂ ਕੀਤੀ ਜਾਣ ਵਾਲੀ ਹੈ। 1 ਜਨਵਰੀ 2019 ਤੋਂ ਛੋਟੇ ਕਾਰੋਬਾਰਾਂ ਲਈ ਅਤੇ ਜਿਨ੍ਹਾਂ ਵਿੱਚ ਕਾਮਿਆਂ ਦੀ ਗਿਣਤੀ 50 ਜਾਂ 50 ਤੋਂ ਘੱਟ ਹੋਵੇਗੀ ਉਨ੍ਹਾਂ ਵਾਸਤੇ ਲਾਗੂ ਕੀਤੀ ਜਾਣ ਵਾਲੀ ਹੈ। ਕੰਪਨੀਆਂ ਜਿਨ੍ਹਾਂ ਦੀਆਂ ਪੈਨਸ਼ਨਾਂ ਵਰਕਰਾਂ ਦੀ ਤਨਖਾਹ ਦੇ 8 ਫੀਸਦੀ ਦੇ ਬਰਾਬਰ ਹੋਵੇਗੀ ਉਨ੍ਹਾਂ ਨੂੰ ਇਸ ਸਕੀਮ ਤੋਂ ਬਾਹਰ ਰਹਿਣ ਦੀ ਖੁਲ੍ਹ ਹੋਵੇਗੀ ਅਤੇ ਇਸ ਵਿਚ ਇੰਪਲੋਅਰ ਦਾ 4 ਫੀਸਦੀ ਹਿੱਸਾ ਹੋਣਾ ਜਰੂਰੀ ਹੈ।

ਜਿਹੜੇ ਕਾਰੋਬਾਰਾਂ ਵਿਚ ਵਰਕਪਲੇਸ ਪੈਨਸ਼ਨ ਪਲਾਨ ਹੈ ਅਤੇ ਇਹ ਸਰਕਾਰੀ ਅੰਕੜਿਆਂ ਦੇ ਅਨੁਸਾਰ ਨਹੀਂ ਹੈ ਅਤੇ ਜਿਹੜੇ ਮੁਲਾਜ਼ਮ ਇਸ ਪਲਾਨ ਦਾ ਹਿੱਸਾ ਨਹੀਂ ਹਨ ਉਨ੍ਹਾਂ ਨੂੰ ਇਸ ਯੋਜਨਾ ਵਿਚ ਜਨਵਰੀ 1, 2020 ਤੋਂ ਹਿੱਸੇਦਾਰੀ ਪਾਉਣੀ ਲਾਜ਼ਮੀ ਹੋਵੇਗੀ। ਜੋ ਕਿ ਪ੍ਰਧਾਨ ਮੰਤਰੀ ਸਟੀਫਨ ਹਾਰਪਨ ਅਨੁਸਾਰ ਕਾਰੋਬਾਰੀਆਂ ਅਤੇ ਵਰਕਰਾਂ ਤੇ ਵਾਧੂ ਭਾਰ ਹੈ।

ਅਗਰ ਪ੍ਰੀਮੀਅਰ ਵਿਨ ਵਲੋਂ ਇਸ ਮੁੱਦੇ ਤੇ ਸਿਆਸਤ ਕੀਤੀ ਜਾ ਰਹੀ ਹੈ ਤਾਂ ਕਿ ਫੈਡਰਲ ਲਿਬਰਲ ਆਗੂ ਜਸਟਿਨ ਟਰੂਡੋ ਇਸ ਗੱਲ ਦਾ ਵਾਅਦਾ ਕਰਦੇ ਹਨ ਕਿ ਇਸ ਤਰ੍ਹਾਂ ਦੀ ਪੈਨਸ਼ਨ ਪਲਾਨ ਇਕੱਲੇ ਉਂਟੇਰੀਓ ਵਿਚ ਹੀ ਨਹੀਂ ਬਲਕਿ ਸਾਰੇ ਪਰੋਵਿੰਸਾਂ ਵਿਚ ਲਾਗੂ ਹੋਣਾ ਚਾਹੀਦਾ ਹੈ?

# ਪ੍ਰੀਮੀਅਰ ਅਤੇ ਹਾਰਪਰ ਟਕਰਾਓ ਪਿਛੇ ਡੂੰਗੀ ਸਿਆਸਤ?



ਮਨੋਹਰ ਸਿੰਘ ਸਹੋਤਾ

ਚੋਣ ਮੁਹਿੰਮ ਦੇ ਮੁਢਲੇ ਦਿਨਾਂ ਵਿਚ ਫੈਡਰਲ ਅਤੇ ਪਰੋਵਿੰਸ਼ਲ ਸਰਕਾਰਾਂ ਵਿਚ ਟਕਰਾਓ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਪਹਿਲੀ ਚੋਣ ਡਿਬੇਟ ਦਾ ਮੁੱਖ ਹਿੱਸਾ ਕੌਮੀ ਏਕਤਾ, ਵਾਤਾਵਰਣ ਅਤੇ ਸਿਨੇਟ ਸੁਧਾਰਾਂ ਵਰਗੇ ਮੱਦੇ ਬਣੇ ਸਨ।

ਬਹੁੱਤੀਆਂ ਚੋਣ ਮੁਹਿੰਮਾਂ ਵਿਚ ਆਗੂਆਂ ਵਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਲਈ ਸੂਬਾ ਸਰਕਾਰਾਂ ਦੀ ਸਹਿਮਤੀ ਜਰੂਰੀ ਹੁੰਦੀ ਹੈ। ਐਨ ਡੀ ਪੀ ਦੀ ਚਾਈਲਡ ਕੇਅਰ ਪਲਾਨ ਅਤੇ 15 ਡਾਲਰ ਪ੍ਰਤੀ ਘੰਟਾ ਦੇ ਵੇਤਨ ਨੂੰ ਯਕੀਨੀ ਬਣਾਉਣ ਲਈ ਹਰ ਸੂਬੇ ਦੀ ਸਹਿਮਤੀ ਜਰੂਰੀ ਹੋਵੇਗੀ। ਲਿਬਰਲਾਂ ਵਲੋਂ ਕਾਰਬਨ ਨਿਕਾਸ ਨੂੰ ਨੱਥ ਪਾਉਣ ਦੀਆਂ ਸਕੀਮਾਂ ਤਾਂ ਹੀ ਨੇਪਰੇ ਚੜ ਸਕਦੀਆਂ ਹਨ ਜਦੋਂ ਇਨ੍ਹਾਂ ਨੂੰ ਸੂਬਾ ਸਰਕਾਰਾਂ ਦਾ ਸਹਿਯੋਗ ਹਾਸਲ ਹੋਵੇਗਾ। ਇਨ੍ਹਾਂ ਕਾਰਣਾ ਕਾਰਣ ਥਾਮਸ ਮਲਕੇਅਰ ਅਤੇ ਜਸਟਿਨ ਟਰੂਡੋ ਸੂਬਿਆਂ ਦੇ ਪ੍ਰੀਮੀਅਰਾਂ ਨਾਲ ਚੰਗਾ ਵਰਤਾਓ ਕਰਨ ਦੀਆਂ ਕੋਸ਼ਿਸ਼ਾਂ ਵਿਚ ਹਨ।

ਪਰ ਇਸ ਤੇ ਕੰਸਰਵੇਟਿਵ ਪਾਰਟੀ ਦੀ ਆਪਣੀ ਅਲੱਗ ਨੀਤੀ ਹੈ ਅਤੇ ਇਸ ਵਿਚ ਸਟੀਫਨ ਹਾਰਪਰ ਨੇ ਆਪਣੀ ਚੋਣ ਮਹਿੰਮ ਦਾ ਪਹਿਲਾ ਹਫ਼ਤਾ ਪ੍ਰੀਮੀਅਰ ਕੈਥਲਿਨ ਵਿੰਨ ਅਤੇ ਰੱਚਲ ਨੌਟਲੇ ਦੀ ਅਲੋਚਨਾ ਕਰਨ ਤੇ ਬਤੀਤ ਕੀਤਾ ਹੈ। ਇਥੇ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕੰਸਰਵੇਟਿਵ ਆਗੂ ਕੋਈ ਵੀ ਕਦਮ ਕਿਸੇ ਲਾਭ ਤੋਂ ਬਗੈਰ ਨਹੀਂ ਚੁੱਕਦਾ ਅਤੇ ਅਗਰ ਉਨ੍ਹਾਂ ਪ੍ਰੀਮੀਅਰਾਂ ਨਾਲ ਇਹ ਬਹਿਸ ਛੇੜੀ ਹੈ ਤਾਂ ਯਕੀਨਨ ਇਸ ਪਿਛੇ ਉਨ੍ਹਾਂ ਦੀ ਲੰਬੀ ਸੋਚ ਕੰਮ ਕਰ ਰਹੀ ਹੈ।

ਪ੍ਰੀਮੀਅਰ ਕੈਥਲਿਨ ਦਾ ਸਮਰਥਨ ਵਿਵਾਦਗ੍ਰਸਤ ਸੈਕਸ ਸਿਖਿਆ ਮਾਮਲੇ ਅਤੇ ਹਾਈਡਰੋ ਵੰਨ ਦੇ ਵੇਚਣ ਦੇ ਸੁਝਾਅ ਮਾਮਲੇ ਤੋਂ ਬਾਅਦ ਘੱਟ ਕੇ 31 ਫੀਸਦੀ ਤੇ ਆ ਗਿਆ ਹੈ। ਸਟੀਫਨ ਹਾਰਪਰ ਸ਼ਾਇਦ ਉਨ੍ਹਾਂ ਦੀ ਘੱਟ ਰਹੀ ਲੋਕਪ੍ਰਿਅਤਾ ਦਾ ਲਾਭ ਚੁੱਕਣਾ ਚਾਹ ਰਹੇ ਹਨ ਅਤੇ ਪ੍ਰੀਮੀਅਰ ਵਲੋਂ ਪੇਸ਼ ਕੀਤੇ ਜਾ ਰਹੇ ਉਂਟੇਰੀਓ ਪੈਨਸ਼ਨ ਪਲਾਨ ਦਾ ਡੱਟ ਕੇ ਵਿਰੋਧ ਕਰ ਰਹੇ ਹਨ। ਕੰਸਰਵੇਟਿਵ ਆਗੂ ਇਸ ਗੱਲ ਤੋਂ ਭਲੀ ਭਾਂਤ ਜਾਣਦੇ ਹਨ ਕਿ ਸੱਤਾ ਵਿਚ ਰਹਿਣ ਲਈ ਉਂਟੇਰੀਓ ਸੂਬੇ ਵਿੱਚ ਚੋਣਾਂ ਦੌਰਾਨ ਵਧੀਆ ਕਾਰਗੁਜ਼ਾਰ ਅਤਿ ਦੀ ਜ਼ਰੂਰੀ ਹੈ। ਅਗਰ ਫਿਰ ਵੀ ਕੈਥਲਿਨ ਵਿਨ ਲਿਬਰਲਾਂ ਦੇ ਹੱਕ ਵਿਚ ਚੋਣ ਰੈਲੀਆਂ ਕਰਦੀ ਹੈ ਜਾਂ ਟਰੂਡੋ ਦੇ ਹੱਕ ਵਿਚ ਇਸ਼ਤਿਹਾਰ ਬਾਜ਼ੀ ਕਰਦੀ ਹੈ ਤਾਂ ਇਸ ਦਾ ਲਾਭ ਲਿਬਰਲ ਅਤੇ ਐਨ ਡੀ ਪੀ ਪਾਰਟੀ ਵਿਚ ਵੰਡਿਆ ਜਾਵੇਗਾ ਅਤੇ ਇਸ ਤਾਂ ਅੰਤ ਨੂੰ ਲਾਭ ਕੰਸਰਵੇਟਿਵ ਪਾਰਟੀ ਨੂੰ ਹੋਣ ਵਾਲਾ ਹੈ।

ਨੌਟਲੀ ਉੱਪਰ ਹਮਲੇ ਕਰਨ ਵਿਚ ਹਾਰਪਰ ਦੀ ਵਖਰੀ ਰਣਨੀਤੀ ਹੈ। ਐਨ ਡੀ ਪੀ ਸਰਕਾਰ ਨੂੰ ਇੱਕ ਸੰਕਟ ਦੱਸ ਕੇ ਉਹ ਉਨ੍ਹਾਂ ਐਲਬਰਟਾਂ ਵਾਸੀਆਂ ਨੂੰ ਸੁਚੇਤ ਕਰਨਾ ਚਾਹੁੰਦੇ ਹਨ ਜੋ ਕੰਸਰਵੇਟਿਵ ਪਾਰਟੀ ਤੋਂ ਟੁੱਟ ਗਏ ਸਨ ਅਤੇ ਇਸ ਦੇ ਨਾਲ ਹੀ ਜੋ ਲੋਕ ਕੈਬਕ ਵਿਚ ਐਨ ਡੀ ਪੀ ਦਾ ਸਹਿਯੋਗ ਕਰ ਰਹੇ ਹਨ ਉਨ੍ਹਾਂ ਲਈ ਵੀ ਇਹ ਇੱਕ ਚੇਤਾਵਨੀ ਤੋਂ ਘੱਟ ਨਹੀਂ।

ਕੰਸਰਵੇਟਿਵ ਆਗੂ ਨੇ ਆਪਣੇ ਇਹ ਵਿਚਾਰ ਕੈਬਕ ਰੈਲੀ ਵਿਚ ਲੋਕਾਂ ਦੇ ਸਨਮੁੱਖ ਰਖੇ ਅਤੇ ਇਸ ਵਿਚ ਐਨ ਡੀ ਪੀ ਆਗੂ ਨੂੰ ਦੇਸ਼ ਪੱਧਰ ਤੇ ਭੰਡਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਇਨ੍ਹਾਂ ਹਮਲਿਆਂ ਨਾਲ ਹੋ ਸਕਦਾ ਹੈ ਕਿ ਕੰਸਰਵੇਟਿਵ ਪਾਰਟੀ ਨੂੰ ਫਾਇਦਾ ਪਹੁੰਚੇ ਪਰ ਇਸ ਦਾ ਨੁਕਸਾਨ ਇਹ ਹੋ ਸਕਦਾ ਹੈ ਕਿ ਲਿਬਰਲ ਅਤੇ ਐਨ ਡੀ ਪੀ ਸਮਰਥਕ ਇਸ ਤੋਂ ਉਤੇਜਿਤ ਹੋ ਕੇ ਕੰਮ ਕਰਨ।

ਕੰਸਰਵੇਟਿਵ ਪਾਰਟੀ ਨੇ 2006 ਵਿਚ ਸੱਤਾ ਹਾਸਲ ਕੀਤੀ ਅਤੇ ਉਸ ਵਕਤ ਓਪਨ ਫੈਡਰਲਿਜ਼ਮ ਨੂੰ ਪ੍ਰਚਾਰਿਆ ਗਿਆ ਸੀ ਪਰ ਇਸ ਦੇ ਉਲਟ ਹਾਰਪਰ ਅਤੇ ਪ੍ਰੀਮੀਅਰਾਂ ਵਿਚਕਾਰ ਬਹੁਤ ਹੀ ਘੱਟ ਮੀਟਿੰਗਾਂ ਸੰਭਵ ਹੋ ਸਕੀਆਂ ਹਨ।

ਹਾਰਪਰ ਵਲੋਂ ਉਂਟੇਰੀਓ ਪ੍ਰੀਮੀਅਰ ਦੇ ਪੈਨਸ਼ਨ ਪਲਾਨ ਨੂੰ ਬੁਰੀ ਤਰ੍ਹਾਂ ਭੰਡਿਆ ਗਿਆ ਹੈ। ਕੈਥਲਿਨ ਵਿਨ ਦੀਆਂ ਇਸ ਉੱਪਰ ਟਿਪਣੀਆਂ ਕਿ ਅਗਰ ਹਾਰਪਰ ਸਰ ਜੌਹਨ ਮੈਕ-ਡੋਨਲਡ ਦੀ ਥਾਂ ਤੇ ਪ੍ਰਧਾਨ ਮੰਤਰੀ ਹੁੰਦੇ ਤਾਂ ਕਦੇ ਵੀ ਕੈਨੇਡੀਅਨ ਰੇਲਵੇਅ ਦਾ ਨਿਰਮਾਣ ਨਹੀਂ ਸੀ ਹੋ ਸਕਦਾ ਆਦਿ ਉਨ੍ਹੀਆਂ ਹੀ ਕੈਥਲਿਨ ਵਿਨ ਤੇ ਢੁੱਕਦੀਆਂ ਹਨ ਜਦੋਂ ਟਰਾਂਸਕੈਨੇਡਾ ਪਾਈਪਲਾਈਨ ਬਣਾਉਣ ਦਾ ਵਿਸ਼ਾ ਸਾਹਮਣੇ ਆਉਂਦਾ ਹੈ ਜਿਥੇ ਵਿਨ ਵਲੋਂ ਚਕੁੰਜਾਂ ਅੜਾਈਆਂ ਜਾ ਰਹੀਆਂ ਹਨ।

ਹਾਰਪਰ ਨੂੰ ਪਤਾ ਹੈ ਕਿ ਸਰਕਾਰ ਬਣਾਉਣ ਲਈ ਜਿਤਨਾ ਜਰੂਰੀ ਹੈ ਅਤੇ ਉਂਟੇਰੀਓ ਇੱਕ ਅਹਿਮ ਸੂਬਾ ਹੈ। ਉਸ ਦੀ ਲੰਮੀ ਸੋਚ, ਡੂੰਗੀ ਰਾਜਨੀਤੀ ਅਤੇ ਉਸ ਵਲੋਂ ਕੀਤੇ ਜਾ ਰਹੇ ਤੋੜ ਵਿਛੋੜੇ ਹੋ ਸਕਦਾ ਹੈ ਕਿ ਚੌਥੀ ਵਾਰ ਉਸ ਨੂੰ ਸਤਾ ਵਿਚ ਲਿਆਉਣ ਲਈ ਸਹਾਇਕ ਸਿਧ ਹੋਣ।

# ਵਿਦੇਸ਼ਾਂ ਵਿਚ ਅਕਾਲੀ ਆਗੂਆਂ ਖਿਲਾਫ ਵਿਰੋਧ ਪ੍ਰਦਰਸ਼ਨ ਦੇ ਅਸਲ ਕਾਰਣ

ਪਿਛਲੇ ਦਿਨੀਂ ਪੰਜਾਬ ਦੇ ਅਕਾਲੀ ਮੰਤਰੀਆਂ ਤੇ ਆਗੂਆਂ ਦੇ ਅਮਰੀਕਾ-ਕੈਨੇਡਾ ਦੌਰੇ ਦੌਰਾਨ ਉਹਨਾਂ ਨੂੰ ਜੋ ਗਰਮਦਲੀਆਂ ਦੇ ਨਾਲ ਆਮ ਪਰਵਾਸੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਉਸਤੋਂ ਲੋਕ ਮਨਾਂ ਦੀ ਥਾਹ ਪਾਉਣਾ ਕੋਈ ਔਖਾ ਨਹੀਂ। ਪੰਜਾਬ ਦੇ ਮੁੱਖ ਮੰਤਰੀ, ਡਿਪਟੀ ਮੁੱਖ ਮੰਤਰੀ ਤੇ ਹੋਰ ਅਕਾਲੀ ਆਗੂ ਇਸ ਸਾਰੇ ਘਟਨਾਕ੍ਰਮ ਨੂੰ ਗਰਮਦਲੀਆਂ ਅਤੇ ਅਕਾਲੀ ਵਿਰੋਧੀ ਸ਼ਕਤੀਆਂ ਦੀ 'ਸ਼ਰਾਰਤ' ਕਰਾਰ ਦਿੰਦਿਆਂ ਪੱਲਾ ਝਾੜਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਸਲੀਅਤ ਉਪਰ ਪਰਦਾ ਨਹੀਂ ਪਾਇਆ ਜਾ ਸਕਦਾ। ਉਹ ਅਕਾਲੀ ਸਰਕਾਰ ਜੋ ਪਰਵਾਸੀ ਪੰਜਾਬੀਆਂ ਦੀਆਂ ਪੰਜਾਬ ਨਾਲ ਸਬੰਧਿਤ ਸਮੱਸਿਆਵਾਂ ਦੇ ਹੱਲ ਦੇ ਦਾਅਵੇ ਕਰਦੀ ਨਹੀਂ ਥੱਕਦੀ। ਜਿਸ ਵੱਲੋਂ ਪਰਵਾਸੀਆਂ ਲਈ ਵੱਖਰੇ ਐਨ ਆਰ ਆਈ ਥਾਣੇ, ਐਨ ਆਰ ਆਈ ਕਮਿਸ਼ਨ ਤੇ ਫਾਸਟ ਟਰੈਕ ਅਦਾਲਤ ਦੀ ਸਥਾਪਨਾ ਕੀਤੀ ਗਈ ਹੈ, ਦੇ ਆਗੂਆਂ ਦਾ ਜੋ ਜਨਤਕ ਵਿਰੋਧ ਅਮਰੀਕਾ ਕੈਨੇਡਾ ਵਿਚ ਵੇਖਣ ਨੂੰ ਮਿ-ਲਿਆ, ਉਹ ਅਣਕਿਆਸਿਆ ਹੀ ਕਿਹਾ ਜਾ ਸਕਦਾ ਹੈ। ਇਸਤੋਂ ਪਹਿਲਾਂ ਵੀ ਹਰ ਸਾਲ ਵਿਦੇਸ਼ਾਂ ਵਿਚ ਵਸਦੇ ਗਰਮਦਲੀਆਂ ਵਲੋਂ ਵਿਰੋਧ ਦੀਆਂ ਚਿਤਾਵਨੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ ਪਰ ਇਸ ਵਾਰ ਜੋ ਮਾਹੌਲ ਬਣਿਆ ਉਸਨੂੰ ਸਮਝਣ ਤੇ ਵਿਚਾਰਨ ਦੀ ਲੋੜ ਹੈ।

ਪੰਜਾਬ ਸਰਕਾਰ ਵੱਲੋਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵਿਖਿਆਨ ਕਰਨ ਤੇ ਪਰਵਾਸੀਆਂ ਨੂੰ ਰਿਝਾਉਣ ਲਈ ਹਰ ਸਾਲ ਡਿਪਟੀ ਮੁੱਖ ਮੰਤਰੀ ਸ ਸੁਖਬੀਰ ਸਿੰਘ ਬਾਦਲ ਦੇ ਉਤਰੀ ਅਮਰੀਕਾ ਦੇ ਦੌਰੇ ਦੀ ਚਰਚਾ ਹੁੰਦੀ ਜਾਂ ਕਰਵਾਈ ਜਾਂਦੀ ਹੈ। ਉਹਨਾਂ ਦੇ ਦੌਰੇ ਦੀ ਤਿਆਰੀ ਵਜੋਂ ਇਸ ਵਾਰ ਵੀ ਸੀਨੀਅਰ ਅਕਾਲੀ ਆਗੂਆਂ ਦੇ ਇਕ ਉਚ ਪੱਧਰੀ ਵਫਦ ਦਾ ਉਤਾਰਾ ਹੋਇਆ। ਪਰ ਇਸ ਵਫਦ ਲਈ ਕੋਈ ਵਿਉਂਤਬੱਧ ਪ੍ਰੋਗਰਾਮ ਕਿਤੇ ਵੀ ਨਜ਼ਰ ਨਹੀਂ ਆਇਆ। ਸੂਤਰਾਂ ਮੁਤਾਬਿਕ ਪਾਰਟੀ ਵਿਚ ਕੁਝ ਸੂਝਵਾਨ ਆਗੂਆਂ ਨੇ ਪ੍ਰੋਗਰਾਮ ਵਿਉਂਤਣ ਦੀ ਕੋਸ਼ਿਸ਼ ਵੀ ਕੀਤੀ ਪਰ ਡਿਪਟੀ ਮੁੱਖ ਮੰਤਰੀ ਦੇ ਜ਼ਿਆਦਾ ਨਜ਼ਦੀਕ ਹੋਣ ਦਾ ਦਾਅਵਾ ਕਰਨ ਵਾਲੇ ਆਗੂਆਂ ਦੀ ਨਿੱਜੀ ਹਉਮੈ ਆੜੇ ਆ ਗਈ।

ਅਕਾਲੀ ਆਗੂਆਂ ਦੇ ਵਿਦੇਸ਼ ਦੌਰੇ ਦੀ ਸ਼ੁਰੂਆਤ ਨਿਊਯਾਰਕ ਤੋਂ ਹੋਈ ਜਿਥੇ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸੋਹਣ ਸਿੰਘ ਠੰਡਲ, ਬਲਵਿੰਦਰ ਸਿੰਘ ਭੂੰਦੜ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਪੁੱਜੇ। ਇਸ ਉਪਰੰਤ ਜਥੇਦਾਰ ਤੋਤਾ ਸਿੰਘ ਕੈਲਗਰੀ ਪੁੱਜੇ। ਉਹਨਾਂ ਨੇ ਕੈਲਗਰੀ ਸ਼ਹਿਰ ਵਿਚ ਅਕਾਲੀ ਦਲ ਨਾਲ ਜੁੜੇ ਪਰਵਾਸੀਆਂ ਨਾਲ ਮੁਲਾਕਾਤਾਂ ਕੀਤੀਆਂ ਤੇ ਉਹਨਾਂ ਦੇ ਪੰਜਾਬ ਵਿਚਲੇ ਅੜੇ ਥੁੜੇ ਕੰਮਾਂ ਨੂੰ ਕਰਵਾਉਣ ਦੇ ਵਾਅਦੇ ਕੀਤੇ। ਉਹ ਕੈਲਗਰੀ ਦੀਆਂ ਮੀਟਿੰਗਾਂ ਤੋਂ ਕਾਫੀ ਉਤਸ਼ਾਹਿਤ ਸਨ ਕਿ ਟੋਰਾਂਟੋ ਵਿਚ ਅਕਾਲੀ ਦਲ ਦੀ ਵੱਡੀ ਰੈਲੀ ਕਰਨ ਪੁੱਜ ਗਏ। ਪਰ ਉਹ ਉਥੋਂ ਦੇ ਅਕਾਲੀ ਆਗੂਆਂ ਦੇ ਨਾਕਸ ਪ੍ਰਬੰਧਾਂ, ਸਥਾਨਕ ਪਾਟੋਧਾੜ ਦੇ ਚਲਦਿਆਂ ਪੰਥਕ ਜਥੇਬੰਦੀਆਂ ਦੇ ਨਾਲ ਆਮ ਪਰਵਾਸੀਆਂ ਦੇ ਗੁਸੈਲੇ ਹਜ਼ੂਮ ਵਿਚ ਘਿਰ ਗਏ। ਵੁੱਡਬਾਈਨ ਬੈਂਕੁਟ ਹਾਲ ਵਿਚ ਰੱਖੇ ਗਏ ਸਮਾਗਮ ਵਿਚ ਉਹ ਪੁੱਜ ਹੀ ਨਾ ਸਕੇ ਤੇ ਗਰਮ ਦਲੀਆਂ ਨੇ ਸਟੇਜ 'ਤੇ ਕਬਜ਼ਾ ਕਰ ਲਿਆ। ਜਥੇਦਾਰ ਤੇ ਹੋਰ ਆਗੂਆਂ ਨੂੰ ਪੁਲਿਸ ਤੇ ਸੀਕਿਊਰਟੀ ਸਟਾਫ ਦਾ ਆਸਰਾ ਲੈਣਾ ਪਿਆ। ਉਹ ਸ਼ਾਇਦ ਟੋਰਾਂਟੋ ਦੇ ਪਰਵਾਸੀਆਂ ਦਾ ਰੋਹ ਭਾਂਪਣ ਤੋਂ ਅਸਮਰਥ ਰਹੇ ਤੇ ਨਿਊਯਾਰਕ ਨੂੰ ਤੁਰ ਪਏ ਇਕ ਹੋਰ ਵੱਡੀ ਰੈਲੀ ਕਰਨ।

ਨਿਊਯਾਰਕ ਵਿਚ ਜਥੇਦਾਰ ਤੋਤਾ ਸਿੰਘ ਖਿਲਾਫ ਗਰਮਦਲੀਆਂ ਦੇ ਇਕ ਵਰਗ ਨੇ ਭਾਰੀ ਰੋਸ ਮੁਜ਼ਾਹਰਾ ਕੀਤਾ। ਮੁਜ਼ਾਹਰਾਕਾਰੀਆਂ ਵਿਚ ਸ਼ਾਮਿਲ ਇਕ ਨੌਜਵਾਨ ਨੇ ਜੁੱਤਾ ਵੀ ਸੁੱਟਿਆ। ਕਰੀਬ ਤਿੰਨ ਘੰਟਿਆਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਪੁਲੀਸ ਮੌਕੇ 'ਤੇ ਪਹੁੰਚੀ ਅਤੇ ਜਥੇਦਾਰ ਤੋਤਾ ਸਿੰਘ ਸਮੇਤ ਹੋਰ ਆਗੂਆਂ ਨੂੰ ਉਥੋਂ ਸੁਰੱਖਿਅਤ ਕੱਢਿਆ ਗਿਆ।

ਨਿਊਯਾਰਕ ਦੀ ਘਟਨਾ ਉਪਰੰਤ ਸਰੀ ਨੇੜੇ ਐਬਟਸਫੋਰਡ ਵਿਖੇ ਵੀ ਅਕਾਲੀ ਆਗੂਆਂ ਦੇ ਇਕੱਠ ਦੇ ਬਾਹਰ ਗਰਮ ਦਲੀਆਂ ਵੱਲੋਂ ਭਾਰੀ ਹੰਗਾਮਾ ਕੀਤਾ ਗਿਆ। ਰੋਹ ਵਿਚ ਆਏ ਲੋਕਾਂ ਦੇ ਇਕੱਠ ਕਾਰਨ ਪ੍ਰਮੁੱਖ ਆਗੂਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਇਹ ਸਮਾਗਮ ਰੱਦ ਕਰਨਾ ਪਿਆ। ਇਸ ਮੌਕੇ ਅਕਾਲੀ ਵਿਧਾਇਕ ਐਨ. ਕੇ. ਸ਼ਰਮਾ ਪਰਵਾਸੀਆਂ ਵਿਚਾਲੇ ਬੁਰੀ ਤਰ੍ਹਾਂ ਘਿਰੇ ਦਿਖਾਈ ਦਿੱਤੇ। ਇਥੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ, ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਪੁੱਜਣਾ ਸੀ ਪਰ ਉਹ ਲੋਕ ਰੋਹ ਨੂੰ ਵੇਖਦਿਆਂ ਹਾਲ ਵਿਚ ਜਾਣ ਦੀ ਹਿੰਮਤ ਨਾ ਜੁਟਾ ਸਕੇ। ਇਸ ਘਟਨਾਕ੍ਰਮ ਦਾ ਸਭ ਤੋਂ ਜ਼ਿਆਦਾ ਬੁਰਾ ਸ ਮਲੂਕਾ ਨੇ ਮਨਾਇਆ। ਉਹਨਾਂ ਨੂੰ ਇਹ ਬੁਰਾ ਲੱਗਣਾ ਹੀ ਸੀ ਕਿਉਂਕਿ ਪ੍ਰਬੰਧਕਾਂ ਨੇ ਐਬਟਸਫੋਰਡ ਵਿਖੇ ਉਹਨਾਂ ਦਾ ਸੰਗਤ ਦਰਸ਼ਨ ਪ੍ਰੋਗਰਾਮ ਆਯੋਜਿਤ ਕਰਨਾ ਪ੍ਰਚਾਰਿਆ ਸੀ। ਇਸ ਘਟਨਾਕ੍ਰਮ ਤੋਂ ਦੁਖੀ ਹੋਏ ਸ ਮਲੂਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਨੇਡਾ ਪੁਲਿਸ ਨੂੰ ਨਲਾਇਕ ਕਰਾਰ ਦਿੰਦਿਆਂ ਉਸਦੇ ਮੁਕਾਬਲੇ ਪੰਜਾਬ ਪੁਲਿਸ ਨੂੰ ਬੇਹਤਰ ਹੋਣ ਦਾ ਖਿਤਾਬ ਦੇ ਦਿੱਤਾ। ਉਹਨਾਂ ਪ੍ਰਦਰਸ਼ਨਕਾਰੀਆਂ ਖਿਲਾਫ ਕੈਨੇਡਾ ਸਰਕਾਰ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਪਰ ਇਹ ਬੜੀ ਹੀ ਹੈਰਾਨੀ ਦੀ ਗੱਲ ਹੈ ਕਿ ਸ ਮਲੂਕਾ ਨੇ ਪੰਜਾਬ ਪਰਤਣ ਉਪਰੰਤ ਆਪਣੇ ਇਸ ਬਿਆਨ ਤੋਂ ਬਿਲਕੁਲ ਕਿਨਾਰਾ ਕਰਦਿਆਂ ਕਿਹਾ ਹੈ ਕਿ ਉਹਨਾਂ ਨੇ ਕੈਨੇਡਾ ਪੁਲਿਸ ਦੇ ਖਿਲਾਫ ਕੋਈ ਟਿਪਣੀ ਨਹੀਂ ਕੀਤੀ ਜਦੋਂਕਿ ਸੱਚਾਈ ਇਹ ਹੈ ਕਿ ਇਸ ਸਬੰਧ ਵਿਚ ਉਹਨਾਂ ਦੀ ਫੇਸਬੁੱਕ ਉਪਰ ਜਾਰੀ ਵੀਡੀਓ ਅੱਜ ਵੀ ਸੱਚ 'ਤੇ ਪਰਦਾ ਪਾਉਣ ਤੋਂ ਇਨਕਾਰੀ ਹੈ। ਇਹ ਉਹੀ ਵੀਡੀਓ ਹੈ ਜੋ ਪੰਜਾਬੀ ਭਾਈਚਾਰੇ ਵਿਚ ਵਾਇਰਲ ਹੁੰਦੀ ਹੋਈ ਕੈਨੇਡਾ ਸਰਕਾਰ ਦੇ ਮੰਤਰੀਆਂ ਤੱਕ ਪੁੱਜੀ। ਪਰਵਾਸੀ ਪੰਜਾਬੀ ਭਾਈਚਾਰੇ ਦੇ ਨੇੜੇ ਵਿਚਰਨ ਵਾਲੇ ਰੱਖਿਆ ਮੰਤਰੀ ਜੈਸਨ ਕੈਨੀ ਤੇ ਫੈਡਰਲ ਮੰਤਰੀ ਟਿਮ ਉਪਲ ਨੇ ਕੈਨੇਡਾ ਵਿਚ ਵਿਜਟਰ ਵਜੋਂ ਵਿਚਰ ਰਹੇ ਪੰਜਾਬ ਦੇ ਇਸ ਮੰਤਰੀ ਦੇ ਬਿਆਨ ਦਾ ਸਖ਼ਤ ਨੋਟਿਸ ਲਿਆ। ਉਹਨਾਂ ਨੇ ਇਸਦੇ ਪ੍ਰਤੀਕਰਮ ਵਿਚ ਵਿਸ਼ੇਸ਼ ਪੱਤਰਕਾਰ ਸੰਮੇਲਨ ਕਰਦਿਆਂ ਇਸਦਾ ਤਿੱਖਾ ਨੋਟਿਸ ਲਿਆ। ਉਹਨਾਂ ਤਾੜਨਾ ਭਰੇ ਲਹਿਜ਼ੇ ਵਿਚ ਸਪੱਸ਼ਟ ਕਿਹਾ ਕਿ ਇਕ ਸੈਲਾਨੀ ਵਜੋਂ ਆਉਣ ਵਾਲੇ ਆਗੂਆਂ ਨੂੰ ਕੈਨੇਡਾ ਦੀ ਧਰਤੀ ਉਪਰ ਕੋਈ ਵੀ ਰਾਜਸੀ ਇਕੱਠ ਕਰਨ, ਫੰਡ ਇਕੱਠਾ ਕਰਨ ਜਾਂ ਆਪਣੇ ਕਿਸੇ ਰਾਜਸੀ ਏਜੰਡੇ ਨੂੰ ਪ੍ਰਚਾਰਨ ਜਾਂ ਪ੍ਰਸਾਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਕੈਨੇਡੀਅਨ ਮੰਤਰੀਆਂ ਵੱਲੋਂ ਪੰਜਾਬ ਦੇ ਆਗੂਆਂ ਖਿਲਾਫ ਵਿਖਾਏ ਗਏ ਇਹਨਾਂ ਤੇਵਰਾਂ ਨੇ ਪਰਵਾਸੀ ਪੰਜਾਬੀਆਂ ਤੇ ਗਰਮਦਲੀਆਂ ਨੂੰ ਹੋਰ 'ਉਤਸ਼ਾਹ' ਨਾਲ ਭਰ ਦਿੱਤਾ। ਕੈਨੇਡੀਅਨ ਮੰਤਰੀਆਂ ਦਾ ਇਹ ਪ੍ਰਤੀਕਰਮ ਸ਼ਾਇਦ ਫੈਡਰਲ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਉਹਨਾਂ ਲਈ ਲਾਹੇਵੰਦਾ ਸੀ ਪਰ ਇਸ ਨਾਲ ਇਕ ਸੰਦੇਸ਼ ਇਹ ਵੀ ਗਿਆ ਕਿ ਕੈਨੇਡੀਅਨ ਸੂਬਿਆਂ ਤੇ ਪੰਜਾਬ ਵਿਚਾਲੇ ਹੁਣ ਤੱਕ ਬਣੇ ਆਪਸੀ ਮਜ਼ਬੂਤ ਸਬੰਧਾਂ ਨੂੰ ਵੀ ਇਕ ਆਂਚ ਆ ਸਕਦੀ ਹੈ। ਪੰਜਾਬ ਦੌਰੇ 'ਤੇ ਜਾਣ ਵਾਲੇ ਇੰਡੋ-ਕੈਨੇਡੀਅਨ ਆਗੂਆਂ ਦੀ ਆਓ ਭਗਤ ਉਪਰ ਵੀ ਇਸਦਾ ਅਸਰ ਪੈ ਸਕਦਾ ਹੈ। ਉਂਜ ਇਹ ਹੈ ਕਿ ਸੈਲਾਨੀ ਵੀਜ਼ੇ ਉਪਰ ਕਿਸੇ ਦੇਸ਼ ਦੀ ਸੈਰ ਉਪਰ ਗਏ ਇਕ ਮੰਤਰੀ ਵੱਲੋਂ ਉਸ ਦੇਸ਼ ਦੇ ਪ੍ਰਸ਼ਾਸਨ ਜਾਂ ਪੁਲਿਸ ਪ੍ਰਬੰਧ ਉਪਰ ਨਾਕ-ਾਰਤਮਕ ਟਿਪਣੀ ਕਰਨੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਪੰਜਾਬ ਦੇ ਮੁੱਖ ਮੰਤਰੀ ਨੂੰ ਆਪਣੇ ਇਕ ਮੰਤਰੀ ਦੇ ਇਸ ਵਿਹਾਰ ਉਪਰ ਖੇਦ ਪ੍ਰਗਟ ਕਰਨ ਦੀ ਜ਼ਰੂਰਤ ਸੀ ਪਰ ਉਹਨਾਂ ਨੇ ਵੀ ਇਸ ਵੱਲ ਧਿਆਨ ਦੇਣ ਦੀ ਥਾਂ ਪੂਰੇ ਘਟਨਾਕ੍ਰਮ ਨੂੰ ਵਿਰੋਧੀ ਸ਼ਕਤੀਆਂ ਦੀ 'ਸ਼ਰਾਰਤ' ਕਰਾਰ ਦੇਕੇ ਅਸਲੀਅਤ ਉਪਰ ਪਰਦਾ ਪਾਉਂਦਿਆਂ ਟਾਲਾ ਵਟਣ ਵਿਚ ਹੀ ਗਨੀਮਤ ਸਮਝੀ। ਅਗਰ ਕਿਸੇ ਹੱਦ ਤੱਕ ਇਹ ਮੰਨ ਲਿਆ ਜਾਵੇ ਕਿ ਅਕਾਲੀ ਆਗੂਆਂ ਦੇ ਵਿਰੋਧ ਪ੍ਰਦਰਸ਼ਨ ਪਿਛੇ ਅਕਾਲੀ ਵਿਰੋਧੀ ਤਾਕਤਾਂ ਸਰਗਰਮ ਸਨ ਪਰ ਇਸ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਇਸ ਘਟਨਾਕ੍ਰਮ ਦੌਰਾਨ ਉਹ ਆਮ ਆਮ ਪਰਵਾਸੀ ਵੀ ਵੱਡੀ ਗਿਣਤੀ ਵਿਚ ਸ਼ਾਮਿਲ ਹੋ ਗਏ ਜੋ ਪੰਜਾਬ ਦੇ ਹਾਲਾਤ ਤੋਂ ਦੁਖੀ ਹਨ ਤੇ ਹਾਕਮਾਂ ਦੇ ਦਾਅਵਿਆਂ ਵਿਚ ਉਹਨਾਂ ਨੂੰ ਝੂਠ 'ਪ੍ਰਧਾਨ' ਦਿਖਾਈ ਦਿੰਦਾ ਹੈ। ਇਹਨਾਂ ਮੁਜ਼ਾਹਰਾਕਾਰੀਆਂ ਵਿਚ ਉਹ ਲੋਕ ਵੀ ਸ਼ਾਮਿਲ ਸਨ ਜੋ ਅਕਾਲੀ ਦਲ ਦੇ ਸੀਨੀਅਰ ਮੰਤਰੀਆਂ ਤੇ ਆਗੂਆਂ ਦੇ ਭ੍ਰਿਸ਼ਟ ਤੇ ਹਉਮੈ ਭਰੇ ਕਿਰਦਾਰ ਤੋਂ ਖੁਦ ਪੀੜ੍ਹਤ ਹਨ। ਇਸਦੀ ਮਿਸਾਲ ਵੀ ਅਕਾਲੀ ਆਗੂਆਂ ਦੇ ਇਸ ਦੌਰੇ ਦੌਰਾਨ ਵੈਨਕੂਵਰ ਵਿਖੇ ਉਸ ਵੇਲੇ ਸਾਹਮਣੇ ਆਈ ਜਦੋਂ ਇਕ ਸਥਾਨਕ ਪੰਜਾਬੀ ਰੇਡੀਓ ਉਪਰ ਇਕ ਅਕਾਲੀ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੇ ਗੁਣਗਾਨ ਕਰ ਰਿਹਾ ਸੀ। ਇਸੇ ਦੌਰਾਨ ਰੇਡੀਓ ਹੋਸਟ ਵੱਲੋਂ ਇਕ ਸਥਾਨਕ ਪਰਵਾਸੀ ਪੰਜਾਬੀ ਦੀ ਕਾਲ ਲਈ ਗਈ। ਸੀਤਲ ਸਿੰਘ ਲੁੱਡੂ ਨਾਮ ਦੇ ਇਸ ਪਰਵਾਸੀ ਪੰਜਾਬੀ ਨੇ ਖੁੱਲੇਆਮ ਮੰਤਰੀ ਖਿਲਾਫ ਉਸਦੀ ਜ਼ਮੀਨ ਧੋਖੇ ਨਾਲ ਦੱਬਣ ਦੇ ਦੋਸ਼ ਲਗਾਏ। ਉਸਨੇ ਮੰਤਰੀ ਨਾਲ ਆਪਣੇ ਨੇੜਲੇ ਸਬੰਧਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮਾਹਿਲਪੁਰ ਨੇੜੇ ਉਸਦੀ ਢਾਈ ਕਿੱਲੇ ਜ਼ਮੀਨ ਦੇ ਹੋਏ ਸੌਦੇ ਉਪਰੰਤ ਕੇਵਲ ਬਿਆਨੇ ਦੀ ਰਕਮ ਹੀ ਦਿੱਤੀ ਗਈ ਪਰ ਕਾਬਜ਼ਕਾਰ ਬਾਕੀ ਰਕਮ ਦੇਣ ਤੋਂ ਇਨਕਾਰੀ ਹੋ ਗਏ ਹਨ। ਮੰਤਰੀ ਸਾਹਿਬ ਉਸਦੇ ਦੋਸ਼ ਨੂੰ ਨਕਾਰਨ ਵਿਚ ਅਸਫਲ ਰਹੇ ਤੇ ਰੇਡੀਓ ਇੰਟਰਵਿਊ ਵਿਚਾਲੇ ਹੀ ਛੱਡ ਗਏ।

ਸੋ ਇਸ ਘਟਨਾ ਤੋਂ ਸਪੱਸ਼ਟ ਹੈ ਕਿ ਅਕਾਲੀ ਆਗੂਆਂ ਖਿਲਾਫ ਰੋਸ ਵਿਖਾਵਿਆਂ ਦੌਰਾਨ ਗਰਮਦਲੀਆਂ ਦੇ ਨਾਲ ਅਜਿਹੇ ਪੀੜ੍ਹਤ ਪਰਵਾਸੀ ਵੀ ਸ਼ਾਮਿਲ ਹੋ ਗਏ ਹੋਣਗੇ। ਅਕਾਲੀ ਆਗੂਆਂ ਖਿਲਾਫ ਇਹ ਰੋਸ ਨਿੱਜੀ ਰੰਜਸ਼ ਦਾ ਉਬਾਲ ਵੀ ਸੀ। ਇਸਦੇ ਨਾਲ ਇਹ ਵੀ ਹੈ ਕਿ ਜਦੋਂ ਇਕ ਪਾਸੇ ਅਕਾਲੀ ਮੰਤਰੀਆਂ ਦੇ ਸਮਾਗਮਾਂ ਵਾਲੀਆਂ ਥਾਵਾਂ ਦੇ ਬਾਹਰ ਰੋਸ ਪ੍ਰਦਰਸ਼ਨ ਹੋ ਰਹੇ ਸਨ ਤਾਂ ਸਾਬਕਾ ਹਾਕੀ ਉਲੰਪੀਅਨ ਤੇ ਅਕਾਲੀ ਵਿਧਾਇਕ ਸ ਪਰਗਟ ਸਿੰਘ ਵੀ ਪਰਵਾਸੀਆਂ ਨਾਲ ਮੀਟਿੰਗਾਂ ਕਰਨ ਵਿਚ ਮਸਰੂਫ ਸਨ। ਉਹਨਾਂ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਸੇਧ ਦੇਣ ਲਈ ਬਣਾਈ ਗਈ ਸੰਸਥਾ ' ਹੈਲਪਿੰਗ ਹੈਂਡ' ਨੂੰ ਪਰਵਾਸੀਆਂ ਨੇ ਭਰਵਾਂ ਹੁੰਗਾਰਾ ਦਿੱਤਾ। ਉਹਨਾਂ ਦੀ ਕਿਸੇ ਮੀਟਿੰਗ ਦੇ ਬਾਹਰ ਤਾਂ ਕਿਸੇ ਨੇ ਰੋਸ ਪ੍ਰਦਰਸ਼ਨ ਨਹੀਂ ਕੀਤਾ।

ਬਿਨ੍ਹਾਂ ਸ਼ੱਕ ਪੰਜਾਬ ਦੀ ਅਕਾਲੀ ਸਰਕਾਰ ਨੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਈ ਠੋਸ ਕਦਮ ਉਠਾਏ ਹਨ। ਹਰ ਸਾਲ ਪਰਵਾਸੀ ਸੰਮੇਲਨ ਤੇ ਸੰਗਤ ਦਰਸ਼ਨ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਪਰ ਇਸਦੇ ਬਾਵਜੂਦ ਭ੍ਰਿਸ਼ਟ ਤੰਤਰ ਇਤਨਾ ਜ਼ਿਆਦਾ ਹਾਵੀ ਹੈ ਕਿ ਖੱਜਲ ਖੁਆਰੀ ਤੋਂ ਸਿਵਾਏ ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ। ਨਿਰਾਸ਼ਾ ਦਾ ਆਲਮ ਹੈ। ਪੰਜਾਬ ਸਰਕਾਰ ਵੱਲੋਂ ਪਰਵਾਸੀਆਂ ਲਈ ਕੁਝ ਵਿਸ਼ੇਸ਼ ਪ੍ਰਬੰਧ ਜਾਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਬਿਜਾਏ ਭ੍ਰਿਸ਼ਟ ਤੰਤਰ ਨੂੰ ਲਗਾਮ ਪਾਉਣ ਦੀ ਵਧੇਰੇ ਜ਼ਰੂਰਤ ਹੈ। ਪੰਜਾਬ ਵਿਚ ਜਿਹਨਾਂ ਬੁਨਿਆਦੀ ਸਹੂਲਤਾਂ ਦੀ ਘਾਟ, ਸਿੱਖ ਮੁੱਦਿਆਂ ਤੇ ਲੋਕ ਸਮੱਸਿਆਵਾਂ ਦਾ ਹਰ ਰੋਜ਼ ਰੌਲਾ ਪੈਂਦਾ ਹੈ, ਉਹਨਾਂ ਪ੍ਰਤੀ ਸੁਹਿਰਦਤਾ ਵਿਖਾਉਣ ਦਾ ਲੋੜ ਹੈ। ਅੱਜ ਅਮਰੀਕਾ ਤੇ ਕੈਨੇਡਾ ਵਿਚ ਗਰਮਦਲੀਆਂ ਦੇ ਨਾਲ ਆਮ ਪਰਵਾਸੀ ਪੰਜਾਬੀ ਵੀ ਅਕਾਲੀ ਆਗੂਆਂ ਦੇ ਖਿਲਾਫ ਰੋਸ ਵਿਖਾਵਿਆਂ ਵਿਚ ਸ਼ਾਮਿਲ ਕਿਉਂ ਹਨ? ਜੇ ਸ਼ਾਮਿਲ ਨਹੀਂ ਤਾਂ ਵਿਰੋਧ ਪ੍ਰਦਰਸ਼ਨਾਂ ਦੀਆਂ ਖਬਰਾਂ 'ਤੇ ਖੁਸ਼ ਕਿਉਂ ਹਨ? ਇਸ ਸਬੰਧੀ ਕਿਸੇ ਖਿਲਾਫ ਦੂਸ਼ਣਬਾਜ਼ੀ ਕਰਨ ਦੀ ਬਿਜਾਏ ਆਤਮ ਚਿੰਤਨ ਸਮੇਂ ਦੀ ਲੋੜ ਹੈ।

# ਕੈਥਲਿਨ ਵਿਨ ਵਲੋਂ ਹਾਰਪਰ ਉੱਤੇ ਕੀਤੇ ਜਾ ਰਹੇ ਸ਼ਾਬਦਿਕ ਹਮਲੇ ਉਸਦੀ ਆਪਣੀ ਭੜਾਸ

ਉਂਟੇਰੀਓ ਪ੍ਰੀਮੀਅਰ ਕੈਥਲਿਨ ਵਿੰਨ ਖਾਹ ਮਖਾਹ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਉੱਪਰ ਟਿਪਣੀਆਂ ਕਾਰਨ ਇਕ ਅਨੋਖੇ ਵਿਵਾਦ ਵਿਚ ਘਿਰਦੀ ਨਜ਼ਰ ਆ ਰਹੀ ਹੈ ਅਤੇ ਇਹ ਸ਼ਾਬਦਿਕ ਹਮਲੇ ਉਨ੍ਹਾਂ ਦੀ ਆਪਣੀ ਭੜਾਸ ਦੇ ਕਾਰਣ ਹਨ।

ਵਿੰਨ ਨੇ ਹਾਲ ਵਿਚ ਕਿਹਾ ਕਿ ਅਗਰ ਸਰ ਜੌਹਨ ਏ ਮੈਕਡੋਨਾਲਡ ਦੀ ਥਾਂ ਤੇ ਅਗਰ ਉਸ ਵਕਤ ਸਟੀਫਨ ਹਾਰਪਰ ਕੈਨੇਡਾ ਦੇ ਪ੍ਰਧਾਨ ਮੰਤਰੀ ਹੁੰਦੇ ਤਾਂ ਕੈਨੇਡਾ ਨੈਸ਼ਨਲ ਰੇਲਵੇ ਕਦੇ ਵੀ ਨਾ ਬਣਾਇਆ ਜਾਂਦਾ।

ਟੋਰਾਂਟੋ ਦੇ ਸਾਬਕਾ ਪੁਲੀਸ ਚੀਫ ਬਿਲ ਬਲੇਅਰ, ਜੋ ਹੁਣ ਟੋਰਾਂਟੋ ਹਲਕੇ ਤੋਂ ਲਿਬਰਲ ਉਮੀਦਵਾਰ ਵੀ ਹਨ, ਦੀ ਮੌਜੂਦਗੀ ਵਿਚ ਬੋਲਦਿਆਂ ਵਿਨ ਨੇ ਕਿਹਾ ਕਿ ਅਗਰ ਬ੍ਰਿਟਿਸ਼ ਕੋਲੰਬੀਆਂ ਉਸ ਵਕਤ ਸਰ ਜੌਹਨ ਮਕਡੋਨਾਲਡ ਦੀ ਥਾਂ ਤੇ ਸਟੀਫਨ ਹਾਰਪਰ ਤੋਂ ਰੇਲਵੇ ਦੀ ਮੰਗ ਕਰਦੇ ਤਾਂ ਸਟੀਫਨ ਹਾਰਪਰ ਨੇ ਕਹਿਣਾ ਸੀ ਕਿ ਅਸੀਂ ਤੁਹਾਡੀ ਮਦਦ ਨਹੀਂ ਕਰ ਸਕਦੇ ਅਤੇ ਇਹ ਪ੍ਰੋਜੈਕਟ ਤੁਸੀਂ ਆਪ ਹੀ ਕਰੋ।

ਐਲਬਰਟਾ ਅਤੇ ਸਸਕਾਤੂਨ ਤੋਂ ਕੱਚਾ ਤੇਲ ਸੇਂਟ ਜੌਹਨ ਤੱਕ ਬਣਾਏ ਜਾਣ ਵਾਲੇ ਟਰਾਂਸਕੌਂਟੀਨੈਂਟਲ ਪਾਈਪਲਾਈਨ ਪ੍ਰੋਜੈਕਟ ਪਿਛੇ ਔਟਵਾ ਦਾ ਵੱਡਾ ਹੱਥ ਹੈ ਅਤੇ ਇਸ ਪ੍ਰੋਜੈਕਟ ਨੂੰ ਦੇਖਦੇ ਹੋਏ ਇਸ ਤਰ੍ਹਾਂ ਦੀ ਬਿਆਨਬਾਜ਼ੀ ਸਰਾਸਰ ਗਲਤ ਹੈ। ਇਹ ਇਕ ਕੌਮੀ ਪ੍ਰੋਜੈਕਟ ਹੈ ਅਤੇ ਇਸ ਨਾਲ ਕਈ ਰੁਜ਼ਗਾਰ ਪੈਦਾ ਹੋਣ ਜਾ ਰਹੇ ਹਨ। ਇਸ ਪ੍ਰੋਜੈਕਟ ਨੂੰ ਈਸਟ ਅਤੇ ਵੈਸਟ ਦੋਹਾਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਇਸ ਨਾਲ ਅਲਬਰਟਾ ਦੀ ਐਨ ਡੀ ਪੀ ਸਰਕਾਰ, ਨਿਊ ਬਰਨਸਵਿਕ ਦੀ ਲਿਬਰਲ ਸਰਕਾਰ ਸਹਿਮਤ ਹਨ ਪਰ ਉਨਟੇਰੀਓ ਅਤੇ ਕੈਬਕ ਦੀਆਂ ਲਿਬਰਲ ਸਰਕਾਰਾਂ ਇਸ ਵਿਚ ਅੜਿਕਾ ਬਣੀਆਂ ਹੋਈਆਂ ਹਨ ਅਤੇ ਇਸ ਦਾ ਕਾਰਣ ਸਿਰਫ ਤੇ ਸਿਰਫ ਇਹ ਹੈ ਕਿ ਪਾਈਪਲਾਈਨ ਇਨ੍ਹਾਂ ਸੂਬਿਆਂ ਵਿਚੋਂ ਹੋ ਕੇ ਗੁਜ਼ਰਨ ਵਾਲੀ ਹੈ। ਅਸਲ ਵਿਚ ਉਨਟੇਰੀਓ ਵਿਚ ਇਹ ਪਾਈਪਲਾਈਨ ਪਹਿਲਾਂ ਤੋਂ ਹੀ ਮੌਜੂਦ ਹੈ ਅਤੇ ਸਿਰਫ ਇਸ ਦੇ ਬਹਾਓ ਵਿਚ ਤਬਦੀਲੀ ਕਰਨੀ ਹੈ। ਕੈਨੇਡਾ ਇਸ ਤਰ੍ਹਾਂ ਦੀਆਂ ਪਾਈਪਲਾਈਨਾਂ ਕਈ ਦਹਾਕਿਆਂ ਤੋਂ ਬਣਾਉਂਦਾ ਆ ਰਿਹਾ ਹੈ ਅਤੇ ਇਸ ਵਿਚ ਕੈਨੇਡਾ ਦੀ ਕਾਬਲੀਅਤ ਉੱਤੇ ਕੋਈ ਸ਼ੱਕ ਨਹੀਂ ਹੈ। ਇਸ ਤਰ੍ਹਾਂ ਦੇ ਪ੍ਰੋਜੈਕਟਾਂ ਨੂੰ ਰੋਕਣਾ ਇੱਕ ਸੌੜੀ ਸਿਆਸਤ ਹੈ ਜੋ ਕਿ ਲਿਬਰਲ ਪ੍ਰੀਮੀਅਰ ਵਲੋਂ ਖੇਡੀ ਜਾ ਰਹੀ ਹੈ।

ਇਸ ਪ੍ਰੋਜੈਕਟ ਨੂੰ ਪਾਸ ਕਰਨ ਲਈ ਵਿਨ ਅਤੇ ਕੈਬਕ ਦੇ ਪ੍ਰੀਮੀਅਰ ਫਿਲਿਪ ਬੁਚਰਡ ਵਲੋਂ ਕਈ ਸ਼ਰਤਾਂ ਰਖੀਆਂ ਗਈਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਸ਼ਰਤਾਂ ਵਾਤਾਵਰਣ ਨੂੰ ਲੈ ਕੇ ਹਨ ਜਿਸ ਬਾਰੇ ਟਰਾਂਸਕੈਨੇਡਾ ਨੂੰ ਪੂਰੀ ਤਰ੍ਹਾਂ ਚੌਕਸ ਹੈ ਅਤੇ ਉਸ ਨੂੰ ਇਸ ਬਾਰੇ ਪੂਰੀ ਜਾਣਕਾਰੀ ਹੈ। ਇਸੇ ਤਰ੍ਹਾਂ ਅਗਰ ਸਰ ਜੌਹਨ ਮਕਡੋਨਾਲਡ ਨੂੰ ਉਸ ਵਕਤ ਇਹੋ ਜਿਹੀਆਂ ਅੜਚਨਾਂ ਆਉਂਦੀਆਂ ਤਾਂ ਰੇਲਵੇ ਪ੍ਰੋਜੈਕਟ ਨੇ ਵੀ ਕਦੇ ਪਾਸ ਨਹੀਂ ਸੀ ਹੋਣਾ।

ਵਿਨ ਵਲੋਂ ਜਸਟਿਨ ਟਰੂਡੋ ਦਾ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ ਅਤੇ ਉਹ ਉਸ ਨੂੰ ਪ੍ਰਧਾਨ ਮੰਤਰੀ ਬਣਿਆ ਵੇਖਣਾ ਚਾਹੁੰਦੀ ਹੈ। ਅਗਰ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਬਣਨ ਵਿਚ ਨਾਕਾਮਯਾਬ ਰਹਿੰਦੇ ਹਨ ਤਾਂ ਵਿਨ ਦੇ ਫੈਡਰਲ ਸਰਕਾਰ ਤੋਂ ਨਿਖੇੜੇ ਕਾਰਣ ਉਨਟੇਰੀਓ ਸੂਬੇ ਦੇ ਲੋਕਾਂ ਨੂੰ ਸ਼ਾਇਦ ਕੋਈ ਵੱਡਾ ਫਾਇਦਾ ਨਾ ਹੋ ਸਕੇ।



# ਕੰਜ਼ਰਵਟਿਵ ਸਰਕਾਰ ਵੱਲੋਂ ਕਾਮਾਗਾਟਾਮਾਰੂ ਲਈ ਮੁਆਫ਼ੀ ਅਤੇ ਸਿੱਖਿਆ ਖੋਜ ਲਈ ਅਹਿਮ ਉਦਮ : ਜੇਸਨ ਕੈਨੀ



ਗ਼ਦਰੀ ਬਾਬਿਆਂ ਦੇ ਮੇਲੇ ਮੌਕੇ 3 ਅਗਸਤ 2008 ਨੂੰ ਪ੍ਰਧਾਨ ਮੰਤਰੀ ਵਲੋਂ ਰਸਮੀ ਤੌਰ ਤੇ ਕੈਨੇਡੀਅਨ ਸਰਕਾਰ ਅਤੇ ਕੈਨੇਡਾ ਵਾਸੀਆਂ ਵਲੋਂ ਕਾਮਾਗਾਟਾ ਮਾਰੂ ਕਾਂਡ ਤੇ ਅਫ਼ਸੋਸ ਜ਼ਾਹਰ ਕੀਤਾ ਗਿਆ ਅਤੇ ਇਸ ਲਈ ਮੁਆਫੀ ਵੀ ਮੰਗੀ। ਇਹ ਸਾਰੀ ਰਸਮੀ ਪ੍ਰਕਿਰਿਆ ਬ੍ਰਿਟਿਸ਼ ਕੋਲੰਬੀਆ ਲੋਅਰ ਮੇਨਲੈਂਡ ਦੀ ਉਸ ਯਾਦਗਾਰ ਨੇੜੇ ਹੋਈ ਜਿਥੇ ਇਹ ਕਾਂਡ ਵਾਪਰਿਆ ਸੀ।

ਪ੍ਰਧਾਨ ਮੰਤਰੀ ਦੇ ਇਸ ਮੁਆਫੀਨਾਮੇ ਨੂੰ ਪੰਜਾਬੀ ਭਾਈਚਾਰੇ ਅਤੇ ਪੀੜਤ ਪਰਿਵਾਰਾਂ ਵਲੋਂ ਪ੍ਰਵਾਨਿਤ ਕੀਤਾ ਗਿਆ ਸੀ। ਇਸ ਮੌਕੇ 1914 ਵਿਚ ਹੋਏ ਕਾਂਡ ਦੇ ਪੀੜਤ ਪਰਿਵਾਰਾਂ ਵਲੋਂ ਨਿੱਜੀ ਤੌਰ ਤੇ ਸ਼ਮੂਲੀਅਤ ਵੀ ਕੀਤੀ ਗਈ ਸੀ। ਪ੍ਰਧਾਨ ਮੰਤਰੀ ਦੇ ਇਸ ਮੁਆਫੀਨਾਮੇ ਤੋਂ ਬਾਅਦ ਪੰਜਾਬੀ ਸਿੱਖ ਆਗੂ ਜੈਕ ਉੱਪਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ :-

"ਅਸੀਂ ਉਹ ਲੋਕ ਹਾਂ ਜਿਨ੍ਹਾਂ ਨੂੰ ਪੱਖਪਾਤ ਅਤੇ ਬੇਇਨਸਾਫੀ ਦਾ ਸਾਹਮਣਾ ਕਰਨਾ ਪਿਆ। ਅੱਜ ਤੋਂ ਪਹਿਲਾਂ ਕਦੇ ਵੀ ਕਿਸੇ ਪ੍ਰਧਾਨ ਮੰਤਰੀ ਨੇ ਕਾਮਾਗਾਟਾ ਮਾਰੂ ਬਾਰੇ ਕੋਈ ਬਿਆਨ ਨਹੀਂ ਦਿਤਾ ਅਤੇ ਨਾ ਹੀ ਇਸ ਬਾਰੇ ਕੋਈ ਗੱਲ ਕੀਤੀ ਹੈ।" ਉਨ੍ਹਾਂ ਕਿਹਾ ਕਿ ਸਟੀਫਨ ਹਾਰਪਰ ਵਲੋਂ ਚੁੱਕੇ ਇਸ ਕਦਮ ਦਾ ਅਸੀਂ ਸਵਾਗਤ ਕਰਦੇ ਹਾਂ ਅਤੇ ਉਨ੍ਹਾਂ ਵਲੋਂ ਮੰਗੀ ਗਈ ਮੁਆਫੀ ਨੂੰ ਪ੍ਰਵਾਨ ਕਰਦੇ ਹਾਂ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਵੀ ਇਸ ਨਾਲ ਅਸਹਿਮਤ ਹਨ ਉਨ੍ਹਾਂ ਦੇ ਆਪਣੇ ਨਿੱਜੀ ਮੁਫਾਦ ਹੋ ਸਕਦੇ ਹਨ ਅਤੇ ਸਾਡੀ ਸੰਸਥਾਪਕ ਪੀੜੀ ਦਾ ਇਨ੍ਹਾਂ ਨਾਲ ਕੋਈ ਸਰੋਕਾਰ ਨਹੀਂ।

ਪ੍ਰਧਾਨ ਮੰਤਰੀ ਹਾਰਪਰ ਦਾ ਇਹ ਮੁਆਫੀਨਾਮਾ ਪਾਰਲੀਮੈਂਟ ਦਾ ਰਸਮੀ ਦਸਤਾਵੇਜ਼ ਬਣਿਆ ਜਦੋਂ ਭਾਰਤ ਤੋਂ ਬਾਹਰ ਰਹਿੰਦੇ ਪਹਿਲੇ ਦਸਤਾਰਧਾਰੀ ਮਨਿਸਟਰ ਆਫ਼ ਸਟੇਟ ਟਿੰਮ ਉੱਪਲ ਵਲੋਂ 18 ਮਈ 2012 ਨੂੰ ਇਸ ਦਸਤਾਵੇਜ਼ ਨੂੰ ਹਾਊਸ ਆਫ਼ ਕਾਮਨਜ਼ ਵਿਚ ਪੇਸ਼ ਕੀਤਾ ਗਿਆ।

ਕੰਸਰਵੇਟਿਵ ਸਰਕਾਰ ਵਲੋਂ ਪ੍ਰਧਾਨ ਮੰਤਰੀ ਦੇ ਇਸ ਮੁਆਫੀਨਾਮੇ ਤੇ ਸਹੀ ਅਰਥਾਂ ਵਿਚ ਕਾਰਵਾਈ ਕੀਤੀ ਗਈ ਹੈ ਅਤੇ ਕਾਮਾਗਾਟਾ ਮਾਰੂ ਸੰਬੰਧੀ ਸਿਖਿਆ, ਖੋਜ ਅਤੇ ਜਾਣਕਾਰੀ ਪ੍ਰੋਜੈਕਟਾਂ ਤੇ ਕਈ ਮਿਲੀਅਨ ਡਾਲਰ ਖਰਚਾ ਕੀਤਾ ਗਿਆ ਹੈ। ਇਸ ਸੰਬੰਧੀ ਵਿਰਸੇ ਵਿਚ:

- ਖਾਲਸਾ ਦੀਵਾਨ ਸੁਸਾਇਟੀ, ਰੌਸ ਸਟ੍ਰੀਟ ਵੈਨਕੂਵਰ ਵਿਖੇ ਕਾਮਾਗਾਟਾ ਮਾਰੂ ਮਿਊਜ਼ਿਅਮ;
- ਬੁਰੱਾਡ ਇਨਲੈਟ ਵਿਖੇ ਸਮੁੰਦਰੀ ਬੇੜੇ ਦੇ ਡੇਰਾ ਪਾਉਣ ਵਾਲੀ ਥਾਂ ਤੇ ਪੱਕੇ ਤੌਰ ਤੇ ਯਾਦਗਾਰ ਦੀ ਸਥਾਪਨਾ;
- ਸਿੱਖ ਹੈਰੀਟੇਜ ਮਿਊਜ਼ਿਅਮ ਆਫ਼ ਕੈਨੇਡਾ 'ਲਾਇਨਜ਼ ਆਫ਼ ਸੀਅ' ਚਲਦੀ ਫਿਰਦੀ ਨੁਮਾਇਸ਼ ਅਤੇ ਲੈਕਚਰਾਂ ਦੀ ਲੜੀ;
- ਕਾਮਾਗਾਟਾ ਮਾਰੂ ਕਾਂਡ ਸੰਬੰਧੀ ਕਿਤਾਬਾਂ, ਵੈਬਸਾਈਟ, ਦਸਤਾਵੇਜੀ ਫਿਲਮਾਂ, ਨਾਟਕ, ਅਤੇ ਸਿਖਿਆ ਸੰਬੰਧੀ ਖੋਜ;
- ਕਾਮਾਗਾਟਾ ਮਾਰੂ ਯਾਤਰਾ ਦੀ ਸ਼ਤਾਬਦੀ ਮੌਕੇ 2014 ਵਿਚ ਕੈਨੇਡਾ ਪੋਸਟ ਸਟੈਂਪ ਜਾਰੀ;
- ਪੀਅਰ 21 ਵਿਖੇ ਨੈਸ਼ਨਲ ਇੰਮੀਗ੍ਰੇਸ਼ਨ ਮਿਊਜ਼ਿਅਮ ਅਤੇ ਵਿਨੀਪੈਗ ਵਿਖੇ ਮਨੁੱਖੀ ਅਧਿਕਾਰਾਂ ਸੰਬੰਧੀ ਕੈਨੇਡੀਅਨ ਮਿਊਜ਼ਿਅਮ ਦੀ ਸਥਾਪਨਾ ਜੋ ਕਿ ਦੋਵੇਂ ਕਾਮਾਗਾਟਾ ਮਾਰੂ ਕਾਂਡ ਨਾਲ ਹੋਏ ਵਿਤਕਰੇ ਅਤੇ ਉਨ੍ਹਾਂ ਦੀ ਜਾਰੀ ਯਾਤਰਾ ਨੂੰ ਦਰਸਾਉਂਦੇ ਹਨ;
- ਕੈਨੇਡੀਅਨ ਸਿਟੀਜ਼ਨਸ਼ਿਪ ਲਈ ਕਿਤਾਬ ਡਿਸਕਵਰ ਕੈਨੇਡਾ ਵਿਚ ਕਾਮਾਗਾਟਾ ਮਾਰੂ ਬਾਰੇ ਜਾਣਕਾਰੀ ਤਾਂ ਜੋ ਨਾਗਰਿਕਤਾ ਲੈਣ ਵਾਲਾ ਹਰ ਇਕ ਕੈਨੇਡੀਅਨ ਇਸ ਕਾਂਡ ਤੋਂ ਵਾਕਫ਼ ਹੋਵੇ।

ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਾ ਮੁਆਫੀਨਾਮਾ ਅਤੇ ਇਸ ਸੰਬੰਧੀ ਕੀਤੀਆਂ ਗਈ ਕੋਸ਼ਿਸ਼ਾ, ਤਾਂ ਜੋ ਇਸ ਬੇਇਨਸਾਫੀ ਨੂੰ ਮਾਨਤਾ ਦਿਤੀ ਜਾ ਸਕੇ, ਵਰਗੀਆਂ ਕਾਰਵਾਈਆਂ ਅਤੇ ਲਿਬਰਲ ਸਰਕਾਰ ਦਾ ਇਸ ਕਾਂਡ ਪ੍ਰਤੀ ਨਾਂਹ ਪੱਖੀ ਅਤੇ ਅਣਡਿੱਠ ਵਰਤਾਰਾ ਇਸ ਦੇ ਬਿਲਕੁਲ ਉੱਲਟ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ 7 ਦਹਾਕਿਆਂ ਵਿਚ 7 ਲਿਬਰਲ ਪ੍ਰਧਾਨ ਮੰਤਰੀ ਬਣੇ ਹਨ ਪਰ ਕਿਸੇ ਨੇ ਵੀ ਅੱਜ ਤੱਕ ਕਾਮਾਗਾਟਾ ਮਾਰੂ ਕਾਂਡ ਪ੍ਰਤੀ ਆਪਣਾ ਪ੍ਰਤੀਕਰਮ ਨਹੀਂ ਦਿਤਾ। ਜਸਟਿਨ ਦੇ ਆਪਣੇ ਪਿਤਾ ਸਾਬਕਾ ਪ੍ਰਧਾਨ ਮੰਤਰੀ ਪੀਅਰ ਟਰੂਡੋ ਨੇ ਕਾਮਾਗਾਟਾ ਮਾਰੂ ਕਾਂਡ ਅਤੇ ਕੈਨੇਡਾ ਦੇ ਇਤਿਹਾਸ ਵਿਚ ਹੋਈਆਂ ਬੇਇਨਸਾਫੀਆਂ ਬਾਰੇ ਮੁਆਫੀ ਮੰਗਣ ਤੋਂ ਨਾਂਹ ਕਰ ਦਿਤੀ ਸੀ ਅਤੇ ਉਨ੍ਹਾਂ ਟਿਪਣੀ ਕੀਤੀ ਸੀ ਕਿ ਉਹ ਆਪਣੇ ਪੂਰਵਜ਼ਾ ਵਲੋਂ ਕੀਤੇ ਪਾਪਾਂ ਦੀ ਮੁਆਫੀ ਨਹੀਂ ਮੰਗ ਸਕਦੇ।

ਇਹ ਬੜੀ ਅਫਸੋਸਜਨਕ ਗੱਲ ਹੈ ਕਿ ਦਹਾਕਿਆਂ ਤੋਂ ਇਸ ਬਾਰੇ ਚੁੱਪੀ ਅਤੇ ਅਵੇਸਲੇਪਨ ਤੋਂ ਬਾਅਦ ਹੁਣ ਲਿਬਰਲ ਪਾਰਟੀ ਇਸ ਮਹਿਤਵਪੂਰਨ ਮੁੱਦੇ ਉੱਤੇ ਸੌੜੀ ਸਿਆਸਤ ਕਰ ਰਹੀ ਹੈ। ਮੈਂ ਲੋਕਾਂ ਨੂੰ ਇਹ ਅਪੀਲ ਕਰਦਾ ਹਾਂ ਕਿ ਉਹ ਖੁਦ ਲਿਬਰਲ ਪਾਰਟੀ ਦੇ ਤਰਸ਼ ਸੁਭਾਅ ਅਤੇ ਨਾਕਾਰ-ਾਤਮਕ ਰਵਈਏ ਅਤੇ ਉਸ ਦੇ ਮੁਕਾਬਲੇ ਕੰਸਰਵੇਟਿਵ ਸਰਕਾਰ ਦੀਆਂ ਇਸ ਮਸਲੇ ਪ੍ਰਤੀ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਨਿਖੇੜਾ ਕਰਨ।

# ਪੰਜਾਬੀ ਨੌਜਵਾਨ ਗਗਨਦੀਪ ਮਾਹਿਲ ਦੀ ਇਕ ਸੜਕ ਹਾਦਸੇ ਵਿਚ ਮੌਤ

ਬਰੈਂਪਟਨ : ਬੀਤੇ ਕੱਲ ਨੌਜਵਾਨ ਪੰਜਾਬੀ ਮੁੰਡੇ ਗਗਨਦੀਪ (ਗਗਨ) ਮਾਹਿਲ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ। ਗਗਨਦੀਪ ਦੇ ਜਾਣਕਾਰਾਂ ਨੇ ਦੱਸਿਆ ਕਿ ਗਗਨਦੀਪ ਇਕ ਜ਼ਿੰਦਾਦਿਲ ਅਤੇ ਸਭ ਨੂੰ ਪਿਆਰ ਕਰਨ ਵਾਲਾ ਇਨਸਾਨ ਸੀ। ਪਰਿਵਾਰਕ ਸਮਾਗਮਾਂ ਵਿਚ ਉਹ ਹਰ ਪਾਰਟੀ ਦੀ ਜਾਨ ਹੁੰਦਾ ਸੀ। ਇਹੀ ਕਾਰਨ ਹੈ ਕਿ ਉਸਦੀ ਮੌਤ ਦੀ ਖਬਰ ਸੁਣ ਕੇ ਹਰ ਰਿਸ਼ਤੇਦਾਰ ਅਤੇ ਜਾਣਕਾਰ ਲਈ ਇਸ ਗੱਲ 'ਤੇ ਯਕੀਨ ਕਰ ਸਕਣਾ ਅਤੇ ਇਸ ਨੂੰ ਸਵੀਕਾਰ ਕਰ ਸਕਣਾ ਬਹੁਤ ਹੀ ਔਖਾ ਹੋ ਰਿਹਾ ਹੈ।

26 ਸਾਲ ਦਾ ਗਗਨਦੀਪ ਦੀ ਮੌਤ ਉਸ ਸਮੇਂ ਹੋਈ ਜਦੋਂ ਏਅਰਪੋਰਟ ਰੋਟ ਅਤੇ ਵਿਲੀਅਮਜ਼ ਪਾਰਕਵੇਅ 'ਤੇ ਉਹ ਆਪਣੀ ਕਾਰ ਵਿਚ ਜਾ ਰਿਹਾ ਸੀ ਅਤੇ ਉਸਦੀ ਕਾਰਨ ਇਕ ਟ੍ਰਾਂਸਪੋਰਟ ਟਰੱਕ ਨਾਲ ਟਕਰਾ ਗਈ। ਇਹ ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੁਰੀ ਤਰ੍ਹਾਂ ਚੂਰ-ਚੂਰ ਹੋ ਗਈ।

ਮੌਕੇ 'ਤੇ ਪੁੱਜੀ ਪੁਲੀਸ ਵੱਲੋਂ ਗਗਨ ਦੇ ਪਰਿਵਾਰ ਦੀ ਇੱਛਾ ਕਾਰਨ ਉਸ ਦਾ ਨਾਂ ਮੀਡੀਆ ਵਿਚ ਜਾਰੀ ਨਹੀਂ ਕੀਤਾ ਗਿਆ ਸੀ, ਪਰ ਗਗਨ ਦੇ ਇਕ ਦੋਸਤ ਵੱਲੋਂ ਸੋਸ਼ਲ ਮੀਡੀਆ 'ਤੇ ਆਪਣੇ ਇਸ ਦੋਸਤ ਨੂੰ ਸ਼ਰਧਾਂਜਲੀ ਦਿੱਤੇ ਜਾਣ ਨਾਲ ਗਗਨ ਦੇ ਨਾਂ ਦੀ ਪੁਸ਼ਟੀ ਹੋ ਸਕੀ ਹੈ। ਗਗਨ ਦੇ ਮਿੱਤਰਾਂ ਵੱਲੋਂ ਉਸਨੂੰ ਦਿਲੋਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ ਹਨ ਅਤੇ ਹਰ ਇਕ ਨੂੰ ਉਸ ਦੀ ਇਸ ਅਚਨਚੇਤ ਮੌਤ ਨਾਲ ਬਹੁਤ ਹੀ ਦੁੱਖ ਪਹੁੰਚਿਆ ਹੈ।

ਗਗਨ ਆਪਣੇ ਦੋਸਤਾਂ ਵਿਚ 'ਜਿੰਕੀ' ਨਾਂ ਨਾਲ ਮਸ਼ਹੂਰ ਸੀ। ਉਸਦੇ ਦੋਸਤਾਂ ਦਾ ਆਖਣਾ ਹੈ ਕਿ ਗਗਨ ਹਰ ਇਕ ਨੂੰ ਬਹੁਤ ਹੀ ਪਿਆਰ ਨਾਲ ਮਿਲਦਾ ਸੀ ਅਤੇ ਆਪਣੇ ਪਰਿਵਾਰ ਨਾਲ ਮਸਤੀ ਕਰਨੀ ਉਸਨੂੰ ਬਹੁਤ ਪਸੰਦ ਸੀ। ਗਗਨ ਨੂੰ ਜਾਨਣ ਵਾਲੇ ਹਰ ਇਨਸਾਨ ਦੇ ਮੂੰਹੋਂ ਇਕੋ ਗੱਲ ਨਿਕਲ ਰਹੀ ਹੈ ਕਿ ਇਹ ਨੌਜਵਾਨ ਬਹੁਤ ਹੀ ਸ਼ਾਨਦਾਰ ਇਨਸਾਨ ਸੀ ਅਤੇ ਇਸ ਦੀ ਅਚਾਨਕ ਹੋਈ ਮੌਤ ਨਾਲ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ।

ਗਗਨ ਦੇ ਲਿੰਕਦਲਿਨ ਪੇਜ ਤੋਂ ਮਿਲੀ ਜਾਣਕਾਰੀ ਅਨੁਸਾਰ ਮਾਹਿਲ ਨੇ ਟੋਰਾਂਟੋ ਹਾਈਡ੍ਰੋ ਵਿਖੇ ਇਨਵਾਇਰਨਮੈਂਟ, ਹੈਲਥ



ਅਤੇ ਸੇਫ਼ਟੀ ਐਨਾਲਿਸਟ ਵੱਜੋਂ ਕੰਮ ਕੀਤਾ ਸੀ। ਉਸਨੇ ਪਿਛਲੇ ਸਾਲ ਰੇਈਰਸਨ ਯੂਨੀਵਰਸਿਟੀ ਤੋਂ ਇਕ ਕੋ -ਓਪ ਪ੍ਰੋਗਰਾਮ ਤਹਿਤ ਓਕਯੂਪੇਸ਼ਨਲ ਹੈਲਥ ਅਤੇ ਸੇਫ਼ਟੀ ਵਿਚ ਗ੍ਰੈਜੁਏਸ਼ਨ ਕੀਤੀ ਸੀ।

ਪੀਲ ਰੀਜਨਲ ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮਾਹਿਲ ਖੱਬੇ ਪਾਸੇ ਵੱਲ ਮੁੜਨ ਲੱਗਿਆ ਸੀ, ਜਦੋਂ ਉਸਦੀ ਕਾਰਨ ਇਕ ਸਾਊਥਬਾਊਂਡ ਟ੍ਰਾਂਸਪੋਰਟ ਟਰੱਕ ਨਾਲ ਟਕਰਾਈ। ਇਹ ਹਾਦਸਾ ਦੁਪਹਿਰ ਤਿੰਨ ਵਜੇ ਵਾਪਰਿਆ। ਟਰੱਕ ਦੇ ਡ੍ਰਾਈਵਰ ਦੀ ਉਮਰ ਵੀ 26 ਸਾਲ ਦੱਸੀ ਗਈ ਹੈ ਅਤੇ ਉਸਨੂੰ ਕੋਈ ਸੱਟ ਨਹੀਂ ਆਈ ਹੈ।

ਇਸ ਮਾਮਲੇ ਦੀ ਜਾਂਚ ਪੀਲ ਮੇਜਕ ਕੋਲਾਈਜ਼ਨ ਬਿਊਰੋ ਵੱਲੋਂ ਕੀਤੀ ਜਾ ਰਹੀ ਹੈ, ਪਰ ਇਸ ਦੌਰਾਨ ਪੁਲੀਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਮਰਨ ਵਾਲਾ ਵਿਅਕਤੀ ਮਾਜ਼ਦਾ ਚਲਾ ਰਿਹਾ ਸੀ ਅਤੇ ਏਅਰਪੋਰਟ ਰੋਡ ਤੋਂ ਖੱਬੇ ਪਾਸੇ ਵੱਲ ਨੂੰ ਮੁੜ ਕੇ ਵਿਲੀਅਮਜ਼ ਪਾਰਕਵੇਅ ਵੱਲ ਜਾਣ ਲੱਗਿਆ ਸੀ। ਜਿਸ ਟ੍ਰਾਂਸਪੋਰਟ ਟਰੱਕ ਨਾਲ ਟੱਕਰ ਹੋਈ ਹੈ , ਉਹ ਟਰੱਕ ਭਰਿਆ ਹੋਇਆ ਸੀ, ਜਿਸ ਕਾਰਨ ਗਗਨਦੀਪ ਦੀ ਕਾਰਨ ਨੂੰ ਹੋਰ ਵੀ ਜ਼ਿਆਦਾ ਨੁਕਸਾਨ ਪੁੱਜਿਆ ਅਤੇ ਟੱਕਰ ਵਧੇਰੇ ਭਿਆਨਕ ਰੂਪ ਨਾਲ ਹੋਈ।

ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨਸਾਰ ਕਾਰ ਦੀ ਹਾਲਤ ਇੰਨੀ ਖਰਾਬ ਹੋ ਚੁੱਕੀ ਸੀ ਕਿ ਕਈ ਘੰਟਿਆਂ ਬਾਅਦ ਉਸਨੂੰ ਪੂਰੀ ਤਰ੍ਹਾਂ ਬਾਹਰ ਕੱਢਿਆ ਜਾ ਸਕਿਆ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਜਾ ਸਕੀ ਕਿ ਕਾਰ ਵਿਚ ਕਿੰਨੇ ਸਵਾਰ ਮੌਜੂਦ ਸਨ। ਗਗਨਦੀਪ ਦੇ ਪਰਿਵਾਰਕ ਮੈਂਬਰ ਇਸ ਸਮੇਂ ਪੂਰੀ ਤਰ੍ਹਾਂ ਸਦਮੇ ਵਿਚ ਹਨ। ਗਗਨਦੀਪ ਘਰਦਿਆਂ ਨੂੰ ਬਹੁਤ ਹੀ ਪਿਆਰਾ ਸੀ। ਰਿਸ਼ਤੇਦਾਰ ਅਤੇ ਗਗਨਦੀਪ ਦੇ ਦੋਸਤ ਮਿੱਤਰ ਇਸ ਗ਼ਮ ਦੀ ਘੜੀ ਵਿਚ ਪਰਿਵਾਰ ਦੇ ਨਾਲ ਹਨ।

ਗਗਨ ਮਾਹਿਲ ਦੀ ਯਾਦ ਵਿਚ ਇਕੱਠੇ ਹੋਏ ਰਿਸ਼ਤੇਦਾਰ ਅਤੇ ਦੋਸਤ

ਗਗਨ ਮਾਹਿਲ ਦੀ ਯਾਦ ਵਿਚ ਉਸਦੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਮਿੱਤਰਾਂ ਵੱਲੋਂ ਹਾਦਸੇ ਵਾਲੀ ਜਗ੍ਹਾ 'ਤੇ ਮੋਮਬੱਤੀਆਂ ਬਾਲਕੇ ਅਤੇ ਫ਼ੁੱਲ ਚੜ੍ਹਾ ਕੇ ਗਗਨ ਦੀ ਆਤਮਾ ਦੀ ਸ਼ਾਂਤੀ ਲਇ ਪ੍ਰਾਰਥਨਾ ਕੀਤੀ। ਇਸ ਇਕੱਠ ਵਿਚ ਲਗਭਗ 100 ਨਾਲੋਂ ਵੀ ਵਧੇਰੇ ਲੋਕ ਸ਼ਾਮਿਲ ਹੋਏ ਸਨ।

ਗਗਨ ਦੇ ਦੋਸਤਾਂ ਨੇ ਇਸ ਮੌਕੇ ਉਸਨੂੰ ਯਾਦ ਕਰਦਿਆਂ ਇਕ ਪਿਆਰੇ ਅਤੇ ਸਭ ਨਾਲ ਮਿਲਵਰਤਨ ਵਾਲਾ ਇਨਸਾਨ ਦੱਸਿਆ। ਕਈਆਂ ਨੇ ਉਸ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਗਗਨ ਆਪਣੇ





ਪਰਿਵਾਰਕ ਮੈਂਬਰਾਂ ਲਈ ਹੀ ਨਹੀਂ ਸਗੋਂ ਹਰ ਉਸ ਇਨਸਾਨ ਲਈ ਖਾਸ ਸੀ, ਜਿਸਦੀ ਜ਼ਿੰਦਗੀ ਉਸ ਨਾਲ ਜੁੜੀ ਹੋਈ ਸੀ। ਕਿਸੇ ਦੇ ਔਖੇ ਸਮੇਂ ਹਮੇਸ਼ਾ ਗਗਨ ਨੇ ਅੱਗੇ ਵੱਧ ਕੇ ਉਸਦੀ ਸਹਾਇਤਾ ਕੀਤੀ ਹੈ ਅਤੇ ਹਮੇਸ਼ਾ ਹੱਸ ਕੇ ਹੀ ਹਰੇਕ ਨੂੰ ਮਿਲਦਾ ਰਿਹਾ ਹੈ। 26 ਸਾਲਾ ਇਸ ਨੌਜਵਾਨ ਨੂੰ ਯਾਦ ਕਰਨ ਵਾਲਾ ਹਰ ਇਨਸਾਨ ਅੱਜ ਡੂੰਘੇ ਦਸਮੇ ਵਿਚ ਹੈ। ਪਾਰਟੀਆਂ ਦੀ ਜਾਨ ਕਹੇ ਜਾਣ ਵਾਲੇ ਗਗਨ ਮਾਹਿਲ ਨੂੰ ਹਰੇਕ ਰਿਸ਼ਤੇਦਾਰ ਦੇ ਦਿਲ ਵਿਚ ਇਕ ਖਾਸ ਥਾਂ ਮੱਲੀ ਹੋਈ ਸੀ।

# ਨਸ਼ਿਆਂ ਖਿਲਾਫ਼ ਸਟੀਫਨ ਹਾਰਪਰ ਦਾ ਲਾਮਿਸਾਲ ਸਟੈਂਡ



ਜਗਦੀਸ਼ ਗਰੇਵਾਲ

ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕੈਨੇਡਾ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਨੱਥ ਪਾਉਣ ਲਈ ਜੋ ਕੱਲ ਬਿਆਨ ਦਿੱਤਾ ਹੈ, ਉਸ ਤੋਂ ਮੈਨੂੰ ਸਿਆਸੀ ਨਹੀਂ ਬਲਕਿ ਨਿੱਜੀ ਖੁਸ਼ੀ ਹੋਈ ਹੈ। ਉਹਨਾਂ ਕਿਹਾ ਹੈ ਕਿ ਚੋਣਾਂ ਤੋਂ ਬਾਅਦ ਦੁਬਾਰਾ ਸਰਕਾਰ ਬਣਾਉਣ ਦੀ ਸੂਰਤ ਵਿੱਚ ਹਾਰਪਰ ਸਰਕਾਰ ਭੰਗ ਨੂੰ ਕਨੂੰਨਨ ਨਹੀਂ ਬਣਾਏਗੀ, ਆਰ ਸੀ ਐਮ ਪੀ ਨੂੰ ਵਧੇਰੇ ਤਾਕਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਭੰਗ ਅਤੇ ਹੋਰ ਨਸ਼ਿਆਂ ਦੀ ਉਪਜ ਅਤੇ ਇਹਨਾਂ ਦੀਆਂ ਨਜ਼ਾਇਜ ਫੈਕਟਰੀਆਂ ਨੂੰ ਬੰਦ ਕੀਤਾ ਜਾ ਸਕੇ, ਜਿਹੜੇ ਮਾਪਿਆਂ ਦੇ ਮਾਸੂਮ ਬੱਚੇ ਨਸ਼ਿਆਂ ਦੀ ਮਾਰੂ ਮਾਰ ਦਾ ਸ਼ਿਕਾਰ ਹੋ ਜਾਂਦੇ ਹਨ, ਉਹਨਾਂ ਨੂੰ ਮਦਦ ਦੇਣ ਲਈ ਹੈਲਪ-ਲਾਈਨਾਂ ਕਾਇਮ ਕੀਤੀਆਂ ਜਾਣਗੀਆਂ। ਉਹਨਾਂ ਨੇ ਮੈਂਟਲ ਹੈਲਥ ਕਮਿਸ਼ਨ ਆਫ ਕੈਨੇਡਾ ਦੀ ਮਿਆਦ ਹੋਰ ਵਧਾਉਣ ਦਾ ਵੀ ਐਲਾਨ ਕੀਤਾ ਹੈ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਨਸ਼ਿਆਂ ਅਤੇ ਮਾਨਸਿਕ ਸਿਹਤ ਦੇ ਆਪਸ ਵਿੱਚ ਕੀ ਸਬੰਧ ਹਨ?

ਹਾਰਪਰ ਦੇ ਇਹਨਾਂ ਬਿਆਨਾਂ ਤੋਂ ਬਾਅਦ ਮੇਰਾ ਖੁਸ਼ ਹੋਣ ਦੇ ਕਈ ਕਾਰਣ ਹਨ। ਪਹਿਲਾ ਕਿ ਪਿਛਲੇ ਕਈ ਸਾਲਾਂ ਤੋਂ ਕੈਨੇਡੀਅਨ ਪੰਜਾਬੀ ਪੋਸਟ ਰਾਹੀਂ ਅਸੀਂ ਨਸ਼ਿਆਂ ਵਿਰੁੱਧ ਇਸ ਆਸ ਨਾਲ ਆਰਟੀਕਲ ਲਿਖਦੇ ਰਹੇ ਹਾਂ ਤਾਂ ਜੋ ਸਾਡੀ ਕਮਿਉਨਿਟੀ ਅਤੇ ਸਰਕਾਰ ਦੋਵੇਂ ਹੀ ਬਣਦਾ ਧਿਆਨ ਦੇਣ। ਚੇਤੇ ਰਹੇ ਕਿ ਇੱਕ 3 ਆਰਟੀਕਲਾਂ ਦੀ ਲੜੀ ਅਸੀਂ ਹਾਲ ਵਿੱਚ ਹੀ ਮਈ 2015 ਵਿੱਚ ਲਿਖ ਕੇ ਹਟੇ ਹਾਂ। ਮੈਂ ਖੁਸ਼ ਹਾਂ ਕਿ ਕਿਉਂਕਿ ਸਾਡੇ ਪੰਜਾਬੀ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਮਦਦ ਦੀ ਲੋੜ ਹੈ। ਮੈਂ ਖੁਸ਼ ਹਾਂ ਕਿਉਂਕ ਨਸ਼ਿਆਂ ਕਾਰਣ ਬਰਬਾਦ ਹੋ ਰਹੇ ਪਰਿਵਾਰਾਂ ਨੂੰ ਰਾਹਤ ਦੇਣ ਦੀ ਗੱਲ ਘੱਟੋ ਘੱਟ ਇੱਕ ਸਿਆਸੀ ਪਾਰਟੀ ਤਾਂ ਖੁੱਲ ਕੇ ਕਰ ਰਹੀ ਹੈ। ਜੇਕਰ ਕੋਈ ਜਣਾ ਇਸਨੂੰ ਸਿਆਸੀ ਲਾਹਾ ਲੈਣ ਵਾਲੀ ਸੋਚ ਸਮਝਦਾ ਹੈ, ਮੈਂ ਉਹਨਾਂ ਦੀ ਇਸ ਸੋਚ ਤੋਂ ਵੀ ਖੁਸ਼ ਹਾਂ ਕਿਉਂਕਿ ਚੰਗੀ ਗੱਲ ਦਾ ਵਿਰੋਧ ਵੀ ਚੰਗਿਆਈ ਨੂੰ ਫੈਲਾਉਣ ਵਿੱਚ ਮਦਦ ਕਰਦਾ ਹੈ।

ਲਿਬਰਲ ਪਾਰਟੀ ਦੇ ਨੇਤਾ ਜਸਟਿਨ ਟਰੂਡੋ ਦਾ ਇੱਕ ਵੱਡਾ ਏਜੰਡਾ ਭੰਗ ਨੂੰ ਕਨੂੰਨਨ ਬਣਾਉਣਾ ਹੈ। ਐਨ ਡੀ ਪੀ ਦੁਆਰਾ ਵੀ ਇਸ ਪੱਖ ਤੋਂ ਕੋਈ ਵਿਰੋਧ ਵਾਲਾ ਸਟੈਂਡ ਨਹੀਂ ਲਿਆ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਸਿਆਸੀ ਪਾਰਟੀਆਂ ਕੰਧ ਉੱਤੇ ਲਿਖਿਆ ਨਹੀਂ ਪੜ ਪਾ ਰਹੀਆਂ ਕਿ ਨਸ਼ਿਆਂ ਦਾ ਰੁਝਾਨ ਕੈਨੇਡਾ ਦੀ ਨੌਜਵਾਨੀ ਨੂੰ ਗਲਤ ਦਿਸ਼ਾ ਵਿੱਚ ਲੈ ਕੇ ਜਾ ਰਿਹਾ ਹੈ। ਮਾਪੇ ਫਿਕਰਮੰਦ ਹਨ ਕਿ ਜੇਕਰ ਭੰਗ ਕਨੂੰਨੀ ਰੂਪ ਵਿੱਚ ਖੁੱਲੀ ਵਿਕਣ ਲੱਗ ਪਈ ਤਾਂ ਸਮੁੱਚੇ ਕੈਨੇਡਾ ਦਾ ਬੁਰਾ ਹਾਲ ਹੋ ਜਾਵੇਗਾ। ਮੁਲਕ ਦੀ ਨੌਜਵਾਨ ਪੀੜੀ ਗੁਮਰਾਹ ਹੀ ਨਹੀਂ ਹੋਵੇਗੀ ਸਗੋਂ ਸਮਾਜ ਦਾ ਤਾਣਾਬਾਣਾ ਉਲਝ ਕੇ ਰਹਿ ਜਾਵੇਗਾ।

ਜੇਕਰ ਅਜਿਹੀ ਸਥਿਤੀ ਰੋਕਣ ਲਈ ਆਵਾਜ਼ ਬੁਲੰਦ ਕਰਨਾ ਸਿਆਸੀ ਲਾਭ ਹੈ, ਤਾਂ ਮੈਨੂੰ ਐਸੇ ਸਿਆਸੀ ਲਾਭ ਲੈਣ ਤੋਂ ਕੋਈ ਹਿਚਕਚਾਹਟ ਨਹੀਂ। ਮੇਰੀ ਜ਼ਮੀਰ, ਮੇਰਾ ਵਿਸ਼ਵਾਸ਼ ਅਤੇ ਮੇਰੇ ਪਰਿਵਾਰ ਦੀ ਲੋੜ ਹੈ ਕਿ ਨਸ਼ਿਆਂ ਦੇ ਇਸਤੇਮਾਲ ਨੂੰ ਹੱਲਾਸ਼ੇਰੀ ਦੇਣ ਵਾਲੇ ਹਰ ਕਦਮ ਦਾ ਵਿਰੋਧ ਕੀਤਾ ਜਾਵੇ। ਸਟੀਫਨ ਹਾਰਪਰ ਵੱਲੋਂ ਨਸ਼ਿਆਂ ਵਿਰੁੱਧ ਪਾਲਸੀ ਨੂੰ ਹੋਰ ਮਜ਼ਬੂਤ ਕਰਨ ਦਾ ਸੁਆਗਤ ਕਰਨਾ ਬਣਦਾ ਹੈ। ਚੇਤੇ ਰਹੇ ਕਿ ਹਾਰਪਰ ਨੇ ਇਹ ਸਟੈਂਡ ਨਵਾਂ ਨਹੀਂ ਲਿਆ ਸਗੋਂ ਹਾਰਪਰ ਸਰਕਾਰ ਮੁੱਢ ਤੋਂ ਹੀ ਸਪੱਸ਼ਟ ਰਹੀ ਹੈ ਕਿ ਭੰਗ ਅਤੇ ਹੋਰ ਨਸ਼ਿਆਂ ਨੂੰ ਕੰਟਰੋਲ ਕਰਨਾ ਸਮਾਜ ਦੇ ਹਿੱਤ ਵਿੱਚ ਹੈ। ਇੱਕ ਖੁਸ਼ਹਾਲ ਅਤੇ ਮਜ਼ਬੂਤ ਕੈਨੇਡਾ ਨੂੰ ਨਸ਼ਿਆਂ ਦੀ ਗਫਲਤ ਵਿੱਚ ਫਸੀ ਹੋਈ ਨੌਜਵਾਨੀ ਨਹੀਂ ਲੈ ਕੇ ਜਾ ਸਕਦੀ। ਕੈਨੇਡਾ ਦੀ ਮਜ਼ਬੂਤੀ ਸਿਹਤਮੰਦ ਅਤੇ ਸਹੀ ਸੋਚ ਵਾਲੀ ਪੀੜੀ ਦੇ ਸਿਰ ਟਿਕੀ ਹੈ। ਨਸ਼ਾ ਮੁਕਤ ਨਵੀਂ ਪੀੜੀ ਦੀ ਸਿਰਜਣਾ ਵੱਲ ਉਠਾਇਆ ਹਰ ਕਦਮ ਸ਼ਲਾਘਾਯੋਗ ਹੈ।

# ਪੰਜਾਬ ਦੀ ਰਾਜਨੀਤੀ ਅਤੇ ਲੀਹੋਂ ਲੱਥੀ ਸਿੱਖ ਮਾਨਸਿਕਤਾ ਦਾ ਗੋਤ-ਕੁਨਾਲਾ



ਜਤਿੰਦਰ ਪੰਨੂ

ਪੰਜਾਬੀ ਬੋਲੀ ਦੇ ਜਿਹੜੇ ਸ਼ਬਦ ਹੁਣ ਬੋਲ-ਚਾਲ ਵਿੱਚੋਂ ਗੁੰਮ ਹੁੰਦੇ ਜਾਂਦੇ ਹਨ, ਇਨ੍ਹਾਂ ਵਿੱਚ ਹੀ ਇੱਕ ਸ਼ਬਦ ਗੋਤ-ਕੁਨਾਲਾ ਗਿਣਿਆ ਜਾ ਸਕਦਾ ਹੈ। ਪੁਰਾਣੇ ਜ਼ਮਾਨੇ ਵਿੱਚ ਪੰਜਾਬ ਵਿੱਚ ਵੀ ਹਰਿਆਣੇ ਵਾਂਗ ਆਪਣੀ ਗੋਤਰ ਵਿੱਚ ਵਿਆਹ ਕਰਨਾ ਗਲਤ ਮੰਨਿਆ ਜਾਂਦਾ ਸੀ। ਹੁਣ ਕੋਈ ਬਹੁਤੀ ਚਿੰਤਾ ਨਹੀਂ ਕਰਦਾ। ਬਾਦਲ ਪਰਵਾਰ ਵਾਲੇ ਵੀ ਢਿੱਲੋਂ ਹਨ ਅਤੇ ਉਨ੍ਹਾਂ ਦੇ ਕੈਰੋਂ ਵਾਲੇ ਕੁੜਮਾਂ ਦਾ ਗੋਤਰ ਵੀ ਢਿੱਲੋਂ ਹੈ। ਓਦੋਂ ਨਵੀਂ ਆਈ ਨੂੰਹ ਦਾ ਆਪਣੇ ਪਿਛਲੇ ਗੋਤ ਤੋਂ ਨਾਤਾ ਤੋੜਨ ਤੇ ਨਵੇਂ ਗੋਤ ਨਾਲ ਤੰਦ ਜੋੜਨ ਲਈ ਉਸ ਦੇ ਸਾਹਮਣੇ ਇੱਕ ਕੁਨਾਲੀ ਵਿੱਚ ਭਾਂਤ-ਸੁਭਾਂਤੇ ਖਾਣੇ ਪਰੋਸ ਕੇ ਖਾਣ ਨੂੰ ਕਿਹਾ ਜਾਂਦਾ ਸੀ। ਕੁਨਾਲੀ ਇੱਕ ਮਿੱਟੀ ਦੀ ਪਰਾਤ ਹੁੰਦੀ ਸੀ। ਨੂੰਹ ਵਿਚਾਰੀ ਨਵੇਂ ਪਰਵਾਰ ਦੀ ਰਿਵਾਇਤ ਤੋਂ ਜਾਣੂੰ ਨਾ ਹੋਣ ਕਾਰਨ, ਅਤੇ ਕੋਲ ਖੜੀਆਂ ਮੁੰਡੇ ਦੀਆਂ ਮਾਮੀਆਂ-ਮਾਸੀਆਂ ਦੇ ਪਰਵਾਰਾਂ ਦੀਆਂ ਵੱਖੋ-ਵੱਖਰੀਆਂ ਰਿਵਾਇਤਾਂ ਦੇ ਕਾਰਨ, ਇਸ ਗੱਲੋਂ ਉਲਝ ਜਾਂਦੀ ਸੀ ਕਿ ਪਹਿਲਾਂ ਕਿਹੜੀ ਚੀਜ਼ ਖਾਣੀ ਹੈ? ਇਹ ਵਖਰੇਵੇਂ ਅੱਜ ਤੱਕ ਕਈ ਥਾਂਈਂ ਮੌਜੂਦ ਹਨ। ਮਾਝੇ ਵਿੱਚ ਪੀਲੇ ਚੌਲ, ਜਿਨ੍ਹਾਂ ਦੇ ਜਰਦ ਰੰਗ ਕਾਰਨ 'ਜਰਦਾ' ਕਿਹਾ ਜਾਂਦਾ ਹੈ, ਦਹੀਂ ਨਾਲ ਖਾਧੇ ਜਾਂਦੇ ਹਨ ਤੇ ਦੋਆਬੇ ਵਿੱਚ ਜਰਦੇ ਨਾਲ ਦਹੀਂ ਖਾਣ ਵਾਲਾ ਬੰਦਾ ਓਪਰਾ ਜਿਹਾ ਜਾਪਦਾ ਹੈ।

ਪਿਛਲੇ ਦਿਨੀਂ ਜਦੋਂ ਅਸੀਂ ਸਿੱਖ ਮਾਨਸਿਕਤਾ ਦੀਆਂ ਉਲਝਣਾਂ ਨੂੰ ਸਮਝਣ ਦਾ ਇੱਕ ਹੋਰ ਯਤਨ ਛੋਹਿਆ ਤਾਂ ਇੱਕ ਵਾਰ ਫਿਰ ਇਹੋ ਪੱਲੇ ਪਿਆ ਕਿ ਸਿੱਖ ਲੀਡਰਸ਼ਿਪ ਨੇ ਸਿੱਖਾਂ ਨੂੰ ਸੋਚ ਦੇ ਗੋਤ-ਕੁਨਾਲੇ ਵਿੱਚ ਫਸਾ ਰੱਖਿਆ ਹੈ। ਉਨ੍ਹਾਂ ਦੀ ਆਖੀ ਇੱਕ ਗੱਲ ਉਨ੍ਹਾਂ ਵੱਲੋਂ ਆਖੀ ਜਾ ਰਹੀ ਦੂਸਰੀ ਗੱਲ ਨਾਲ ਮਿਲਦੀ ਨਹੀਂ। ਇਹੋ ਜਿਹੀ ਸੁਰ-ਸੇਧ ਦੀ ਉਲਝਣ ਸਾਧਾਰਨ ਸਿੱਖਾਂ ਤੱਕ ਸੀਮਤ ਨਹੀਂ, ਸਿੱਖ ਲੀਡਰਸ਼ਿਪ ਵੀ ਅੱਕੀਂ-ਪਲਾਹੀਂ ਹੱਥ ਮਾਰਦੀ ਲੱਭਦੀ ਹੈ। ਤਖਤਾਂ ਦੇ ਜਥੇਦਾਰਾਂ ਤੋਂ ਲੋਕ ਕੋਈ ਸੇਧ ਲੈਣ ਦੀ ਆਸ ਰੱਖਦੇ ਹਨ, ਪਰ ਉਹ ਆਪੋ ਵਿੱਚ ਇੱਕ ਦੂਸਰੇ ਤੋਂ ਵੱਖਰੀ ਸੋਚ ਦੀ ਪੰਡ ਸਿਰਾਂ ਉੱਤੇ ਚੁੱਕੀ ਫਿਰਦੇ ਹਨ। ਜਿਸ ਸੱਜਣ ਦੀ ਚੰਡੀਗੜ੍ਹ ਤੱਕ ਪਹੁੰਚ ਹੋ ਜਾਵੇ, ਜਥੇਦਾਰ ਬਣ ਜਾਂਦਾ ਹੈ। ਇੱਕ ਸਮਾਂ ਸੀ ਕਿ ਜਥੇਦਾਰ ਕਦੀ ਕਿਸੇ ਲੀਡਰ ਨੂੰ ਮਿਲਣ ਨਹੀਂ ਸਨ ਜਾਂਦੇ ਅਤੇ ਇੱਕ ਅੱਜ ਦਾ ਦੌਰ ਹੈ, ਜਦੋਂ ਤਖਤਾਂ ਦੇ ਜਥੇਦਾਰ ਆਪਣੇ ਤੋਂ ਛੋਟੀ ਉਮਰ ਦੇ ਅਕਾਲੀ ਆਗੂ ਅੱਗੇ ਇਸ ਲਈ ਹੱਥ ਜਾ ਜੋੜਦੇ ਹਨ ਕਿ ਮੇਰੇ ਮੁੰਡੇ ਨੂੰ ਛੋਟੀ-ਮੋਟੀ ਬਲਾਕ ਪੱਧਰ ਦੀ ਚੇਅਰਮੈਨੀ ਹੀ ਦੇ ਛੱਡੋ। ਇੱਕ ਵਾਰ ਝੁਕ ਗਏ ਤਾਂ ਝੁਕ ਗਏ। ਫਿਰ ਉਹ ਸਿੱਖੀ ਬਾਰੇ ਨਹੀਂ, ਮਿੰਨਤ ਮੰਨ ਕੇ ਖੁਸ਼ੀ ਬਖਸ਼ਣ ਵਾਲੀ ਅਕਾਲੀ ਲੀਡਰਸ਼ਿਪ ਦੇ ਹਿੱਤਾਂ ਬਾਰੇ ਸੋਚਦੇ ਰਹਿੰਦੇ ਹਨ। ਅਕਾਲੀ ਦਲ ਦੀ ਲੀਡਰਸ਼ਿਪ ਆਪ ਕਿਸੇ ਗੱਲ ਬਾਰੇ ਸਪੱਸ਼ਟ ਨਹੀਂ। ਪੁੱਤਰ ਕਹਿੰਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਇੱਕੀਵੀਂ ਸਦੀ ਵਿੱਚ ਬੈਠੀ ਬਾਕੀ ਦੁਨੀਆ ਤੋਂ ਪਹਿਲਾਂ ਬਾਈਵੀਂ ਸਦੀ ਵਿੱਚ ਪੁਚਾ ਦੇਣਾ ਹੈ ਤੇ ਬਾਪ ਇਸ ਦੀ ਥਾਂ ਇਹ ਕਹਿੰਦਾ ਹੈ ਕਿ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਿਆਉਣਾ ਹੈ। ਲਾਹੌਰ ਦਾ ਰਣਜੀਤ ਸਿੰਘ ਦਾ ਰਾਜ ਉੱਨੀਵੀਂ ਸਦੀ ਦੀ ਗੱਲ ਸੀ। ਪਿਤਾ-ਪੁੱਤਰ ਦੀ ਸੋਚ ਦਾ ਤਿੰਨ ਸਦੀਆਂ ਦਾ ਪਾੜਾ ਹੈ। ਬੀਤੇ ਮਹੀਨੇ ਵਿੱਚ ਇੱਕ ਤਜਰਬਾ ਹੋਰ ਹੋ ਗਿਆ। ਅਕਾਲੀ ਦਲ ਦੇ ਪ੍ਰਧਾਨ ਦਾ ਇੱਕ ਦਿਨ ਬਿਆਨ ਆਇਆ ਕਿ ਵਿਦੇਸ਼ਾਂ ਵਿੱਚ ਜਿਹੜੇ ਸਿੱਖਾਂ ਨੇ ਅਕਾਲੀ ਆਗੂਆਂ ਦਾ ਵਿਰੋਧ ਕੀਤਾ ਸੀ, ਨਾ ਉਹ ਸਿੱਖ ਹਨ ਅਤੇ ਨਾ ਪੰਜਾਬੀ ਕਹੇ ਜਾ ਸਕਦੇ ਹਨ। ਇਹ ਅਸਲੋਂ ਗਲਤ ਗੱਲ ਹੈ। ਉਹ ਕਿਸੇ ਵੀ ਰਾਜਸੀ ਸੋਚਣੀ ਵਾਲੇ ਹੋਣ, ਜੇ ਸਿੱਖ ਹਨ ਤਾਂ ਸਿੱਖ ਮੰਨੇ ਜਾਣਗੇ, ਪਰ ਉਹ ਸਾਰੇ ਸਿੱਖ ਨਹੀਂ ਸਨ, ਗੈਰ-ਸਿੱਖ ਪੰਜਾਬੀ ਵੀ ਉਨ੍ਹਾਂ ਵਿੱਚ ਸ਼ਾਮਲ ਸਨ, ਉਨ੍ਹਾਂ ਸਾਰਿਆਂ ਨੂੰ ਪੰਜਾਬੀ ਮੰਨਣ ਤੋਂ ਨਾਂਹ ਕਰਨਾ ਰਾਜਨੀਤੀ ਦਾ ਭੱਦਾਪਣ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਕਹਿ ਦਿੱਤਾ ਕਿ ਅਜਿਹਾ ਕਰਨ ਵਾਲੇ ਦੇਸ਼-ਧਰੋਹੀ ਹਨ। ਅਕਲ ਦੀ ਦਾੜ੍ਹ ਚਾਲੀ ਸਾਲ ਪੂਰੇ ਕਰ ਕੇ ਉੱਗਦੀ ਸਮਝੀ ਜਾਂਦੀ ਹੈ, ਪਰ ਪੰਜਾਬ ਵਿੱਚ ਇਹੋ ਜਿਹੀ ਕੋਈ ਰਿਵਾਇਤ ਨਹੀਂ। ਅਕਾਲੀ ਦਲ ਦੇ ਪ੍ਰਧਾਨ ਨੂੰ ਹੁਣ ਇਹ ਸਮਝ ਪਈ ਹੈ ਕਿ 'ਖਾਲਿਸਤਾਨੀ ਸੋਚ ਵਾਲੇ ਲੋਕ ਦੇਸ਼ ਧਰੋਹੀ' ਹਨ, ਪਰ ਜਦੋਂ ਖੇਡ ਸ਼ੁਰੂ ਹੋਈ ਸੀ ਤੇ ਜਿਨ੍ਹਾਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਮੰਜੀ ਸਾਹਿਬ ਦੇ ਦੀਵਾਨ ਅਸਥਾਨ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹਾਜ਼ਰੀ ਵਿੱਚ ਸਿੱਖਾਂ ਦੇ ਵੱਖਰੇ ਘਰ ਦੀ ਮੰਗ ਵਾਲੇ ਮਤੇ ਪੇਸ਼ ਕੀਤੇ ਅਤੇ ਸੰਗਤਾਂ ਦੇ ਹੱਥ ਖੜੇ ਕਰਵਾ ਕੇ ਪ੍ਰਵਾਨਗੀ ਲਈ ਸੀ, ਉਹ ਅਕਾਲੀ ਦਲ ਦੇ ਨਾਲ ਹਨ। ਇੱਕ ਸੱਜਣ ਅੱਜ-ਕੱਲ੍ਹ ਵਿਧਾਇਕ ਹੈ, ਦੂਸਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰੀ ਅਤੇ ਤੀਸਰਾ ਬਾਦਲ ਰਾਜ ਵਿੱਚ ਪੰਜਾਬ ਦੀ ਇੱਕ ਸੰਵਿਧਾਨਕ ਪਦਵੀ ਦਾ ਨਿੱਘ ਛੇ ਸਾਲ ਮਾਣਦਾ ਰਿਹਾ ਹੈ। ਰਾਜ ਕਰਦੇ ਅਕਾਲੀ ਦਲ ਨਾਲ ਜੁੜਨ ਵਾਲਿਆਂ ਦਾ ਦੇਸ਼ ਧਰੋਹੀ ਹੋਣ ਦਾ ਟੈਗ ਲਾਹ ਦਿੱਤਾ ਜਾਂਦਾ ਹੈ। ਦੂਸਰਾ ਪੱਖ ਵਿਦੇਸ਼ ਵਿੱਚ ਬੈਠੇ ਉਨ੍ਹਾਂ ਸਿੱਖਾਂ ਦਾ ਹੈ, ਜਿਨ੍ਹਾਂ ਨੇ ਪਿਛਲੇ ਦਿਨੀਂ ਅਕਾਲੀ ਮੰਤਰੀਆਂ ਦੇ ਖਿਲਾਫ ਮੁਜ਼ਾਹਰੇ ਕੀਤੇ ਅਤੇ ਇਸ ਕੰਮ ਵਿੱਚ ਬੇਹੂਦਗੀ ਵਾਲੀਆਂ ਗਾਲ੍ਹਾਂ ਵੀ ਕੱਢੀਆਂ ਹਨ। ਇੱਕ ਰੇਡੀਓ ਚੈਨਲ ਦੀ ਬਹਿਸ ਵਿੱਚ ਇਹੋ ਜਿਹੇ ਇੱਕ ਸਿੱਖ ਆਗੂ ਨੂੰ ਅਸੀਂ ਕਿਹਾ ਕਿ ਵਿਰੋਧ ਦੇ ਹੋਰ ਤਰੀਕੇ ਹੋ ਸਕਦੇ ਹਨ, ਤੁਸੀਂ ਗਾਲ੍ਹਾਂ ਵਾਲੀ ਬੋਲੀ ਕਿਉਂ ਬੋਲਦੇ ਹੋ? ਉਹ ਕਹਿਣ ਲੱਗਾ ਕਿ 'ਇਹ ਏਸੇ ਲਾਇਕ ਹਨ', ਨਾਲ ਹੀ ਇਹ ਵੀ ਦੱਸ ਦਿੱਤਾ ਕਿ ਪਹਿਲੇ ਗੁਰੂ ਸਾਹਿਬ ਨੇ ਵੀ 'ਰਾਜੇ ਸੀਹ ਮੁਕਦਮ ਕੁਤੇ' ਕਿਹਾ ਸੀ, ਜਿਸ ਦਾ ਅਰਥ ਤੁਸੀਂ ਜਾਣਦੇ ਹੋ। ਉਹ ਇਸ ਪੌੜੀ ਉੱਤੇ ਖੜਾ ਸੀ ਕਿ ਇਹ ਗੱਲ ਹਰ ਯੁੱਗ ਵਿੱਚ ਸੱਚ ਹੁੰਦੀ ਹੈ। ਅਸੀਂ ਉਸ ਤੋਂ ਇਹ ਪੁੱਛਿਆ ਕਿ ਤੁਹਾਡਾ ਨਿਸ਼ਾਨਾ ਕੀ ਹੈ? ਬੜੇ ਜੋਸ਼ ਵਿੱਚ ਉਸ ਨੇ ਕਿਹਾ: ਆਪਣਾ ਰਾਜ ਕਾਇਮ ਕਰਨਾ ਹੈ। ਮੈਂ ਹੱਸ ਕੇ ਪੁੱਛਿਆ ਕਿ 'ਕੀ ਤੁਹਾਡੇ ਰਾਜ ਵੇਲੇ ਵੀ ਰਾਜੇ ਤੇ ਮੁਕੱਦਮ ਵਾਸਤੇ ਇਹੋ ਧਾਰਨਾ ਹੋਵੇਗੀ, ਕੀ ਇਹੋ ਗੱਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਕਹਿਣ ਦੀ ਵੀ ਤੁਸੀਂ ਹਿੰਮਤ ਕਰੋਗੇ?' ਫਿਰ ਉਹ ਖਾਮੋਸ਼ ਹੋ ਗਿਆ। ਅਸੀਂ ਦੱਸਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਸਾਹਿਬ ਨੇ ਇਹ ਗੱਲ ਉਸ ਸਮੇਂ ਦੇ ਰਾਜ ਬਾਰੇ ਜਦੋਂ ਕਹੀ ਸੀ ਤਾਂ ਇੱਕ ਖਾਸ ਕਿਸਮ ਦੇ ਹਾਲਾਤ ਸਨ। ਵਿਚਾਰਾਂ ਨੂੰ ਥੋੜ੍ਹਾ-ਬਹੁਤ ਰਿੜਕਣ ਤੇ ਮੁੜ-ਵਿਚਾਰਨ ਦੀ ਗੁੰਜਾਇਸ਼ ਵੀ ਰੱਖ ਲੈਣੀ ਚਾਹੀਦੀ ਹੈ। ਜਿੰਨੇ ਜ਼ੋਰ ਨਾਲ ਉਹ ਬਾਦਲ ਸਰਕਾਰ ਨੂੰ ਮੰਦਾ-ਚੰਗਾ ਬੋਲਦਾ ਸੀ, ਉਸ ਤੋਂ ਵੱਧ ਇਹ ਮੁੱਦਾ ਚੁੱਕ ਤੁਰਿਆ ਕਿ ਜਦੋਂ ਕੋਈ ਹਿੰਦੁਸਤਾਨ ਨਾਲ ਸਾਂਝ ਰੱਖਣ ਦੀ ਗੱਲ ਕਰਦਾ ਹੈ, ਉਸ ਨਾਲ ਸਾਡਾ ਜੋੜ ਨਹੀਂ ਜੁੜਦਾ। ਉਸ ਦੇ ਬਾਪ ਨੂੰ ਜਾਣਦਾ ਹੋਣ ਕਾਰਨ ਮੈਂ ਉਸ ਨੂੰ ਚੇਤੇ ਕਰਵਾ ਦਿੱਤਾ ਕਿ ਉਸ ਦਾ ਬਾਪ ਐੱਨ ਆਰ ਆਈ ਸਭਾ ਦੀ ਪਿਛਲੀ ਚੋਣ ਵਿੱਚ ਇੱਕ ਧਿਰ ਦੀ ਪ੍ਰੈੱਸ ਕਾਨਫਰੰਸ ਵਿੱਚ ਬੈਠਾ ਸੀ। ਜਵਾਬ ਉਸ ਨੇ ਇਹ ਦਿੱਤਾ ਕਿ ਉਹ ਸਾਡੀ ਐੱਨ ਆਰ ਆਈਜ਼ ਦੀ ਸਭਾ ਹੈ। ਮੈਂ ਫਿਰ ਪੁੱਛ ਲਿਆ ਕਿ ਇਸ ਐੱਨ ਆਰ ਆਈ ਸਭਾ ਵਿੱਚ 'ਆਈ' ਸ਼ਬਦ ਇੰਡੀਆ ਦਾ ਹੈ, ਜਦੋਂ ਤੁਸੀਂ ਹਿੰਦੁਸਤਾਨ, ਭਾਰਤ ਅਤੇ ਇੰਡੀਆ ਨਾਲ ਕੋਈ ਜੋੜ ਨਹੀਂ ਰੱਖਣਾ ਤਾਂ ਇਹ ਸਭਾ ਵੀ ਤੁਹਾਡੀ ਕਿਵੇਂ ਹੋ ਗਈ? ਇਸ ਪੜਾਅ ਉੱਤੇ ਆ ਕੇ ਉਹ 'ਅਕਲ ਦੀ ਪੁੜੀ' ਵਰਗੀ ਗਰਮ ਭਾਸ਼ਾ ਬੋਲ ਕੇ ਲਾਈਨ ਕੱਟ ਗਿਆ, ਪਰ ਕਈ ਸਵਾਲ ਸਾਡੇ ਲਈ ਛੱਡ ਗਿਆ। ਸਾਡੇ ਲਈ ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਸੱਚਮੁੱਚ ਸਿੱਖਾਂ ਦਾ ਹਿੰਦੁਸਤਾਨ ਨਾਲ ਕੋਈ ਸੰਬੰਧ ਨਹੀਂ ਰਹਿੰਦਾ? ਕੀ ਸਿੱਖਾਂ ਨੂੰ ਇਹ ਗੱਲ ਵੀ ਚੇਤੇ ਨਹੀਂ ਰਹਿ ਗਈ ਕਿ ਦਿੱਲੀ ਦੇ ਚਾਂਦਨੀ ਚੌਕ ਵਿੱਚ ਜਾ ਕੇ ਸ਼ਹੀਦੀ ਦੇਣ ਵਾਲੇ ਨੌਵੇਂ ਗੁਰੂ ਸਾਹਿਬ ਨੂੰ ਅੱਜ ਵੀ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ? ਸਿੱਖਾਂ ਦੇ ਪੰਜ ਤਖਤਾਂ ਵਿੱਚੋਂ ਦੋ ਤਖਤ ਵੀ ਪੰਜਾਬ ਤੋਂ ਬਾਹਰ ਹਨ। ਸਿੱਖ ਤੋਂ ਸਿੰਘ ਬਣਾ ਕੇ ਨਵੀਂ ਦਿੱਖ ਦੇਣ ਵਾਲੇ ਤੇ ਆਪਣੇ ਚੇਲਿਆਂ ਅੱਗੇ ਆਪ ਹੱਥ ਜੋੜ ਕੇ 'ਆਪੇ ਗੁਰ ਚੇਲਾ' ਵਾਲੀ ਨਵੀਂ ਰੀਤ ਤੋਰਨ ਵਾਲੇ ਦਸਵੇਂ ਗੁਰੂ ਸਾਹਿਬ ਦਾ ਜਨਮ ਅਸਥਾਨ ਵੀ ਪੰਜਾਬ ਵਿੱਚ ਨਹੀਂ, ਬਿਹਾਰ ਦੀ ਰਾਜਧਾਨੀ ਪਟਨੇ ਵਿੱਚ ਹੈ ਤੇ ਅੰਤਮ ਅਸਥਾਨ ਹਜ਼ੂਰ ਸਾਹਿਬ ਵੀ ਮਹਾਰਾਸ਼ਟਰ ਦੇ ਨਾਂਦੇੜ ਸ਼ਹਿਰ ਵਿੱਚ ਹੈ। ਸਿੱਖਾਂ ਦੀ ਮਾਨਸਿਕਤਾ ਨੂੰ ਇੱਕ ਮਧਾਣੀ ਫੇਰ ਕੇ ਇਹ ਕਿਹਾ ਜਾ ਰਿਹਾ ਹੈ ਕਿ 'ਆਪਣਾ ਘਰ' ਅਸੀਂ ਭਾਰਤ ਤੋਂ ਵੱਖਰਾ ਬਣਾਉਣਾ ਹੈ। ਮਾਨਸਿਕਤਾ ਦੇ ਦੂਸਰੇ ਗੇੜ ਵਿੱਚ ਗੱਲ ਏਥੇ ਆ ਜਾਂਦੀ ਹੈ ਕਿ ਹੁਣ ਅਰਦਾਸ ਵਿੱਚ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਨੂੰ ਪੰਥ ਤੋਂ ਵਿਛੋੜੇ ਜਾਣ ਤੇ ਉਨ੍ਹਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਦੀ ਅਰਦਾਸ ਕਰਨ ਵਾਲੇ ਸਿੱਖਾਂ ਨੂੰ ਫਿਰ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦੇ ਨਾਲ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਦਿੱਲੀ ਦੇ ਸੀਸ ਗੰਜ ਸਾਹਿਬ ਦੇ ਬਾਰੇ ਇਹੋ ਅਰਜ਼ੋਈ ਕਰਨੀ ਪਵੇਗੀ। ਇਸ ਬਾਰੇ ਸਵਾਲ ਪੁੱਛਿਆ ਜਾਵੇ ਤਾਂ ਸਾਧਾਰਨ ਸਿੱਖ ਜਵਾਬ ਦੇਣ ਦੀ ਸਥਿਤੀ ਵਿੱਚ ਨਹੀਂ, ਕਿਉਂਕਿ ਉਨ੍ਹਾਂ ਦੇ ਮਾਰਗ-ਦਰਸ਼ਕ ਆਪ ਹੀ ਇਸ ਬਾਰੇ ਸਪੱਸ਼ਟ ਨਹੀਂ। ਸਿੱਖਾਂ ਵਿੱਚ ਇਸ ਤਰ੍ਹਾਂ ਦੀ ਸਥਿਤੀ ਦਾ ਜਿਹੜਾ ਘਚੋਲਾ ਪੈਦਾ ਕੀਤਾ ਜਾ ਰਿਹਾ ਹੈ, ਉਸ ਵਿੱਚ ਦੂਸਰੇ ਧਰਮਾਂ ਵੱਲ ਸਹਿਣਸ਼ੀਲਤਾ ਨੂੰ ਖੋਰਾ ਲੱਗਦਾ ਦਿਖਾਈ ਦੇਂਦਾ ਹੈ। ਇਸ ਮਾਨਸਿਕਤਾ ਵਾਲੇ ਲੋਕਾਂ ਲਈ ਹਰ ਹਿੰਦੂ ਇੱਕੋ ਜਿਹਾ ਹੈ ਅਤੇ ਉਹ ਇਹ ਗੱਲ ਵੀ ਨਹੀਂ ਜਾਣਦੇ ਕਿ ਹੱਥ-ਲਿਖਤ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਤੋਂ ਬਾਅਦ ਛਪਾਈ ਵਾਲੀ ਬੀੜ ਦਾ ਆਗਾਜ਼ ਕਿੱਥੋਂ ਹੋਇਆ ਸੀ? ਲਾਹੌਰ ਸ਼ਹਿਰ ਜਦੋਂ ਅੰਗਰੇਜ਼ੀ ਰਾਜ ਵਿੱਚ ਆਇਆ ਤਾਂ 1850 ਵਿੱਚ ਓਥੇ ਪਹਿਲੀ ਪ੍ਰਿੰਟਿੰਗ ਪ੍ਰੈੱਸ ਲੱਗੀ ਸੀ, ਜਿਸ ਦਾ ਨਾਂਅ ਕੋਹੇਨੂਰ ਪ੍ਰੈੱਸ ਸੀ ਅਤੇ ਇਸੇ ਨੇ 1864-65 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਛਾਪੀ ਹੋਈ ਬੀੜ ਸਿੱਖ ਪੰਥ ਲਈ ਤਿਆਰ ਕਰਨ ਦੀ ਸੇਵਾ ਕਮਾਈ ਸੀ, ਜਿਸ ਦੇ ਮਾਲਕ ਦਾ ਨਾਂਅ ਲਾਲਾ ਹਰਸੁਖ ਰਾਏ ਸੀ। ਉਸ ਵਕਤ ਪੰਜਾਬ ਵਿੱਚ ਸਿੱਖ ਸਰਦਾਰਾਂ ਦੀ ਕਮੀ ਨਹੀਂ ਸੀ। ਰਾਜ ਬਦਲਦੇ ਸਾਰ ਅੰਗਰੇਜ਼ਾਂ ਦੀ ਸੇਵਾ ਵਿੱਚ ਲੱਗ ਗਏ ਇਨ੍ਹਾਂ ਸਿੱਖਾਂ ਵਿੱਚ ਰਾਜੇ ਤੇ ਮਹਾਰਾਜੇ ਵੀ ਸਨ ਅਤੇ ਵਫਾਦਾਰੀ ਬਦਲਣ ਨਾਲ ਮਿਲੀਆਂ ਜਗੀਰਾਂ ਦੇ ਮਾਲਕ ਵੀ, ਪਰ ਸਿੱਖਾਂ ਲਈ ਛਾਪੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦਾ ਉੱਦਮ ਉਸ ਹਿੰਦੂ ਨੇ ਕੀਤਾ ਸੀ।

ਇਤਿਹਾਸ ਵਿੱਚ ਏਦਾਂ ਦੀਆਂ ਕਈ ਗੱਲਾਂ ਹਨ, ਜਿਨ੍ਹਾਂ ਦਾ ਸਿੱਖਾਂ ਨੂੰ ਪਤਾ ਹੀ ਨਹੀਂ। ਸਿੱਖ ਮਾਨਸਿਕਤਾ ਹਾਲੇ ਦੋ ਹੋਰ ਧਾਰਨਾਵਾਂ ਉੱਤੇ ਵੀ ਅੜੀ ਹੋਈ ਹੈ। ਪਹਿਲੀ ਇਹ ਕਿ ਸਾਡੇ ਮੂਹਰੇ ਬੋਲਣ ਦੀ ਕੋਈ ਹਿੰਮਤ ਨਹੀਂ ਕਰ ਸਕਦਾ ਤੇ ਦੂਸਰੀ ਇਹ ਕਿ ਜਿਸ ਨਾਲ ਸਾਡੀ ਸੋਚ ਨਹੀਂ ਮਿਲਦੀ, ਉਸ ਨੂੰ ਅਸੀਂ ਸੋਧਾ ਲਾ ਸਕਦੇ ਹਾਂ। ਇਹ ਦੋਵੇਂ ਧਾਰਨਾਵਾਂ ਗਲਤ ਹਨ ਤੇ ਇਸ ਲਈ ਗਲਤ ਹਨ ਕਿ ਇਸ ਸੋਚ ਵਾਲੇ ਲੋਕਾਂ ਨੇ ਗੁਰਬਾਣੀ ਨੂੰ ਪੜ੍ਹਨ ਦੀ ਖੇਚਲ ਨਹੀਂ ਕੀਤੀ। ਗੁਰਬਾਣੀ ਵਿੱਚ ਇਸ ਬਾਰੇ ਦੋ ਬਹੁਤ ਉੱਤਮ ਸੇਧਾਂ ਹਨ। ਪਹਿਲੀ ਇਹ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ 'ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ, ਕਿਛੁ ਕਹੀਐ'। ਉਨ੍ਹਾ ਨੇ ਇਸ ਵਿੱਚ ਬਹੁਤ ਸੋਚ ਕੇ 'ਕਿਛੁ ਸੁਣੀਐ' ਨੂੰ 'ਕਿਛੁ ਕਹੀਐ' ਤੋਂ ਪਹਿਲਾਂ ਰੱਖਿਆ ਸੀ। ਜਿਹੜੇ ਗੁਰੂ ਸਾਹਿਬ ਨੇ ਸਿੱਧ ਯੋਗੀਆਂ ਨਾਲ ਜਾ ਕੇ ਗੋਸ਼ਟੀ ਕੀਤੀ ਤੇ ਉਨ੍ਹਾਂ ਨੂੰ ਜ਼ਿੰਦਗੀ ਦਾ ਅਸਲੀ ਮਾਰਗ ਦੱਸ ਕੇ ਆਏ ਸਨ, ਉਸ ਗੁਰੂ ਸਾਹਿਬ ਦੇ ਸਿੱਖ ਹੁਣ ਇਸ ਸੋਚ ਉੱਤੇ ਆ ਗਏ ਹਨ ਕਿ ਆਪਣੀ ਕਹਿਣੀ ਹੈ, ਕਿਸੇ ਦੀ ਸੁਣਨੀ ਨਹੀਂ। ਦੂਸਰੀ ਸਿੱਖਿਆ ਵੀ ਏਸੇ ਤਰ੍ਹਾਂ ਦੇ ਮਹੱਤਵ ਵਾਲੀ ਹੈ। ਹਰ ਕਿਸੇ ਨੂੰ ਸੋਧਾ ਲਾਉਣ ਦੀ ਧੌਂਸ ਦੇਣ ਵਾਲਿਆਂ ਨੂੰ ਸਮਾਂ ਕੱਢ ਕੇ ਕਦੀ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕ ਪੜ੍ਹਨ ਅਤੇ ਵਿਚਾਰਨ ਦੀ ਕੋਸ਼ਿਸ਼ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਵਿੱਚ ਸੋਲ੍ਹਵੇਂ ਸਲੋਕ ਵਿੱਚ ਇਹ ਉਪਦੇਸ਼ ਹੈ: 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ'। ਗੁਰੂ ਸਾਹਿਬ ਨੇ ਏਥੇ ਫਿਰ ਇਹ ਗੱਲ ਪਹਿਲਾਂ ਕਹੀ ਹੈ ਕਿ ਅਸੀਂ ਕਿਸੇ ਨੂੰ ਭੈਅ ਨਹੀਂ ਦੇਂਦੇ, ਕਿਸੇ ਨੂੰ ਡਰਾਉਂਦੇ ਨਹੀਂ ਤੇ ਇਸ ਦੇ ਬਾਅਦ ਲਿਖਿਆ ਹੈ ਕਿ ਜੇ ਕੋਈ ਡਰਾਵੇਗਾ ਤਾਂ ਅਸੀਂ ਕਿਸੇ ਦਾ ਭੈਅ ਮੰਨਦੇ ਵੀ ਨਹੀਂ, ਕਿਸੇ ਤੋਂ ਡਰਦੇ ਵੀ ਨਹੀਂ। ਸਿਰਫ ਮੱਥੇ ਟੇਕਣ ਦੇ ਰੁਝਾਨ ਦਾ ਸ਼ਿਕਾਰ ਹੁੰਦੇ ਜਾ ਰਹੇ ਸਿੱਖ ਇਨ੍ਹਾਂ ਗੱਲਾਂ ਬਾਰੇ ਸੋਚਣ ਦਾ ਵਕਤ ਹੀ ਨਹੀਂ ਕੱਢਦੇ। ਕਿਉਂਕਿ ਸਿੱਖ ਹੁਣ ਆਪ ਪੜ੍ਹ ਕੇ ਵਿਚਾਰ ਕਰਨ ਦੀ ਰਿਵਾਇਤ ਛੱਡ ਬੈਠੇ ਹਨ ਅਤੇ ਪੜ੍ਹਿਆ-ਪੜ੍ਹਾਇਆ ਲੈ ਕੇ, ਅਮਰੀਕਾ-ਕੈਨੇਡਾ ਬੈਠੇ ਹੋਏ ਅੰਮ੍ਰਿਤਸਰ ਵਿੱਚ ਆਖੰਡ ਪਾਠ ਬੁੱਕ ਕਰਵਾ ਕੇ ਉਸ ਦਾ ਫਲ ਚਾਹੁੰਦੇ ਹਨ, ਸਿੱਖ ਆਗੂ ਇਸ ਤਰ੍ਹਾਂ ਦੀ ਸਿੱਖ ਮਾਨਸਿਕਤਾ ਪੈਦਾ ਕਰਨ ਤੇ ਇਸ ਦਾ ਲਾਭ ਲੈਣ ਲੱਗ ਪਏ ਹਨ। ਕਈ ਸਿੱਖ ਆਗੂ ਹੁਣ ਪੰਥ ਨੂੰ ਹਿੰਦੂ ਧਰਮ ਤੋਂ ਤੇ ਕੁਝ ਹੋਰ ਧਰਮਾਂ ਤੋਂ ਖਤਰਾ ਦੱਸਦੇ ਹਨ, ਪਰ ਸਿੱਖਾਂ ਵਿੱਚ ਛੁਪੇ ਹੋਏ ਜਿਹੜੇ ਰਾਜਸੀ ਤੇ ਧਾਰਮਿਕ ਆਗੂਆਂ ਤੋਂ ਵੱਧ ਖਤਰਾ ਹੈ, ਉਨ੍ਹਾਂ ਬਾਰੇ ਸਿੱਖ ਕਦੇ ਜਾਣ ਹੀ ਨਹੀਂ ਸਕੇ। ਪੰਜਾਬ ਦੇ ਮੌਜੂਦਾ ਰਾਜਸੀ ਮੋੜ ਉੱਤੇ ਵੀ ਰਾਜਨੀਤੀ ਦੀ ਕਿਸੇ ਧਿਰ ਨੂੰ ਸਿੱਖਾਂ ਵਿੱਚ ਇਹੋ ਜਿਹੀ ਗੋਤ-ਕੁਨਾਲਾ ਮਾਨਸਿਕਤਾ ਦੀ ਲੋੜ ਹੈ। ਇਸ ਬਾਰੇ ਜਾਣਨ ਲਈ ਪੁਲੀਟੀਕਲ ਸਾਇੰਸ ਦੀਆਂ ਕਿਤਾਬਾਂ ਫੋਲਣ ਦੀ ਲੋੜ ਨਹੀਂ, ਪਿਛਲੇ ਇੱਕ ਸਾਲ ਦੀਆਂ ਕਦੇ ਕੇਂਦਰ ਦੇ ਖਿਲਾਫ ਤੇ ਕਦੇ ਕੇਂਦਰ ਦੇ ਨਾਲ ਰਹਿਣ ਦੀਆਂ ਖਬਰਾਂ ਤੇ ਭਾਸ਼ਣਾਂ ਤੋਂ ਆਰਾਮ ਨਾਲ ਸਮਝ ਆ ਸਕਦੀ ਹੈ।